

FARM AND SPICE
HAPPY
2023
NEW YEAR
SPECIAL OFFERS: 30 DEC-05 JAN
Daily Specials on
Open 7 Days a Week
8.30 am to 9.00 pm
ਧਨੀਆ
Cilantro
79¢ each
ਆਵੋਕਾਡੋ
Avocado
89¢ each
ਗਾਜਰ
Carrot
Snaptop
99¢ /lb
ਜ਼ੁਕੀਨੀ
Zuchinni
$1.29 /lb
ਸੰਤਰਾ ਨਿੱਕਾ
Orange Small
99¢ /lb
ਐਂਬ੍ਰੋਸੀਆ ਸੇਬ
Ambrosia BC
Apple
$1.29 /lb
ਗਾਲਾ ਸੇਬ
Gala BC
Apple
$1.29 /lb
ਕਾਲੇ ਅੰਗੂਰ
Black Grapes
$1.79 /lb
ਜੰਬੋ ਬੈਂਗਣ
Eggplant
Jumbo
$1.49 each
ਲਸਣ
Garlic
Bulk
$1.49 /lb
ਪਾਲਕ
Spinach
$1.49 each
ਬੈਂਗਣ ਲੰਬੇ
Eggplant
Long
$1.99 /lb
ਅੱਦਰਕ
Ginger
$1.99 /lb
ਅਨਾਰ
Pomegranate
$2.29 each
ਏ-ਪਲਸ ਸੋਯਾ
Aplus
Soya Chunks/
Mini Chunks
200g
$1.99 each
ਅਸ਼ੋਕਾ ਸਾਗ
Ashoka
Saron Ka Saag
Sarson ka Saag
850g
$2.99 each
ਕਾਸਾਬਲੈਂਕਾ ਕੁੱਕੀਜ਼
Casablanca
Almond/mango/Cashew Cookies
340g
$3.99 each
ਬਦਾਮ
Almonds
Supreme
Quality
$4.49 /lb
ਬਿਕਾਨੋ ਸੂਜੀ ਰੱਸ
Bikano
Suji Rusk
600g
$4.49 each
ਯਮਕੀਨਜ਼ ਪਾਣੀ ਪੂਰੀ
Yamkeens
Pani Puri
360g
$4.99 each
ਬੀ ਸੀ ਮਿਕਸ ਨਮਕੀਨ
BC Asst. Snacks
320g
$2.99 each
ਬੀ ਸੀ ਮਿਕਸ ਸਵੀਟਸ
BC Asst. Sweets
boondi ladoo, besan ladoo, mathura peda
400g
$5.99 each
ਟਾਟਾ ਚਾਹ
Tata
Tea Premium
220 bags
$8.99 each
ਸੈਂਚੁਰੀ ਚਾਹ
Century No. 1
Premium Tea
1kg
$11.99 each
ਏ ਪੱਲਸ ਚਾਵਲ
A+Plus
Everyday Basmati Rice
5kg
$11.99 each
ਏ+ਪਲਸ ਤੇਲ
A+Plus
Mustard Oil
2ltr
$10.99 each
ਏ+ਪਲਸ ਤੇਲ
A+Plus
Mustard Oil
5ltr
$26.99 each
LOHRI
ਗੁਰੂ ਜੀ ਗੱਚਕ
Guru Ji
Peanut Gachak
400g
$2.99 each
ਗੁਰੂ ਜੀ ਰੇਵੜੀ
Guru Ji
Reweri Gur/Sugar
800g
$4.99 each
ਵੇਰਕਾ ਮੂੰਗਫਲੀ
Verka
Peanuts
908g
$5.99 each
ITEMS AVAILABLE
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last
Curbside pick up available

# DAY TO DAY

**WHOLESALE CASH & CARRY**

www.daytodaywholesale.ca

daytodaycashandcarry




9:00 am to 8:00 pm

**Always Fresh. Always Great Prices**

**#104 7843 128 Street Surrey 604.503.8787**

# ਪ੍ਰਵਾਸੀ ਪੰਜਾਬੀਆਂ ਦਾ ਪੰਜਾਬ ਦੀ ਖੁਸ਼ਹਾਲੀ ਵਿਚ ਵਿਸ਼ੇਸ਼ ਯੋਗਦਾਨ:ਕੁਲਦੀਪ ਸਿੰਘ ਧਾਲੀਵਾਲ

ਚੰਡੀਗੜ੍ਹ:ਪ੍ਰਵਾਸੀ ਪੰਜਾਬੀਆਂ ਦਾ ਪੰਜਾਬ ਦੀ ਖੁਸ਼ਹਾਲੀ ਵਿੱਚ ਵਿਸ਼ੇਸ਼ ਯੋਗਦਾਨ ਹੈ। ਰੰਗਲੇ ਪੰਜਾਬ ਦੀ ਸਹੀ ਅਰਥਾਂ ਵਿੱਚ ਕਲਪਨਾ ਪ੍ਰਵਾਸੀ ਪੰਜਾਬੀਆਂ ਦੇ ਸਹਿਯੋਗ ਤੋਂ ਬਿਨਾ ਨਹੀਂ ਕੀਤੀ ਜਾ ਸਕਦੀ। ਇਹ ਪ੍ਰਗਟਾਵਾ ਪੰਜਾਬ ਦੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਅੱਜ ਮੋਗਾ ਸਥਿਤ ਆਈ ਐੱਸ ਐੱਫ ਕਾਲਜ ਵਿਖੇ ਕਰਵਾਏ ਗਏ "ਐਨ. ਆਰ.ਆਈ. ਪੰਜਾਬੀਆਂ ਨਾਲ ਮਿਲਣੀ" ਪ੍ਰੋਗਰਾਮ ਦੌਰਾਨ ਐਨ.ਆਰ.ਆਈ ਪੰਜਾਬੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਦੀਆਂ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਮਾਮਲਿਆਂ ਨਾਲ ਜੁੜੀਆਂ ਸਾਰੀਆਂ ਸਮੱਸਿਆਵਾਂ ਦਾ ਮਿੱਥੇ ਸਮੇਂ ਵਿੱਚ ਨਿਪਟਾਰਾ ਕਰਨ ਲਈ ਪੰਜਾਬ ਸਰਕਾਰ ਵਿਸ਼ੇਸ਼ ਪਾਲਿਸੀ ਤਿਆਰ ਕਰ ਰਹੀ ਹੈ।ਐਨ. ਆਰ.ਆਈ. ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਸੁਣਨ ਲਈ ਤੇ ਉਸ ਦੇ ਹੱਲ ਲਈ ਪੰਜਾਬ ਸਰਕਾਰ ਹਰ ਸਾਲ ਦਸੰਬਰ ਤੇ ਅਪ੍ਰੈਲ ਦੇ ਮਹੀਨੇ ਵਿੱਚ ਦੋ ਵਾਰ ਐਨ.ਆਰ. ਆਈ. ਮਿਲਣੀਆਂ ਆਯੋਜਿਤ ਕਰੇਗੀ। ਪੰਜਾਬ ਸਰਕਾਰ ਦੁਨੀਆ ਭਰ ਦੇ ਦੇਸ਼ਾਂ ਵਿੱਚ ਵਸ ਰਹੇ ਪੰਜਾਬੀਆਂ ਨੂੰ ਇਹ ਸੱਦਾ ਦਿੰਦੀ ਹੈ ਕਿ ਪੰਜਾਬ ਤੁਹਾਡਾ ਹੈ, ਤੁਸੀਂ ਪੰਜਾਬ ਆਓ, ਪੰਜਾਬ ਸਰਕਾਰ ਤੁਹਾਡੀਆਂ ਜ਼ਮੀਨਾਂ ਦੀ ਰਾਖੀ, ਤੁਹਾਡੇ ਜਾਨ ਮਾਲ ਦੀ ਰਾਖੀ ਅਤੇ ਤੁਹਾਡੇ ਕਾਰੋਬਾਰ ਦੀ ਰਾਖੀ ਲਈ ਵਚਨਵੱਧ ਹੈ।ਉਨ੍ਹਾਂ ਦੱਸਿਆ ਕਿ ਸਰਕਾਰ ਇਹ ਚੰਗੀ ਤਰ੍ਹਾਂ ਜਾਣਦੀ ਹੈ ਕਿ ਪ੍ਰਵਾਸੀਆਂ ਦੇ ਮੁੱਖ ਮਸਲੇ ਉਨ੍ਹਾਂ ਦੀਆਂ ਜਮੀਨ-ਜਾਇਦਾਦਾਂ, ਕਾਰੋਬਾਰ ਅਤੇ ਪਰਿਵਾਰਕ ਝਗੜੇ ਹਨ।ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਕੰਟਰੈਕਟ ਵਿਆਹ ਦਾ ਟਰੈਂਡ ਸਾਹਮਣੇ ਆਇਆ ਹੈ ਅਜਿਹੇ ਕੇਸਾਂ ਵਿੱਚ ਆਈਲੈਂਟਸ ਪਾਸ ਕੁੜੀ ਨਾਲ ਕੰਟਰੈਕਟ ਵਿਆਹ ਕਰਕੇ ਮੁੰਡੇ ਵਾਲੇ ਉਸ ਨੂੰ ਬਾਹਰ ਭੇਜਦੇ ਹਨ ਪਰ ਮਗਰੋਂ ਕੁੜੀ ਦੇ ਬਾਹਰ ਜਾਣ ਤੇ ਉਨ੍ਹਾਂ ਦਾ ਆਪਸੀ ਝਗੜਾ ਹੋ ਜਾਂਦਾ ਹੈ ਅਤੇ ਕੁੜੀ ਮੁੰਡੇ ਨੂੰ ਬਾਹਰ ਲਿਜਾਉਣ ਤੋਂ ਮੁਨਕਰ ਹੋ ਜਾਂਦੀ ਹੈ।ਧਾਲੀਵਾਲ ਨੇ ਸਮੂਹ ਪ੍ਰਵਾਸੀ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਕੋਈ ਵੀ ਪ੍ਰਵਾਸੀ ਪੰਜਾਬ ਜੋ ਵਿਦੇਸ਼ ਵਿੱਚ ਬੈਠਾ ਹੈ ਅਤੇ ਉਸਦਾ ਪੰਜਾਬ ਨਾਲ ਸਬੰਧਤ ਕੋਈ ਵੀ ਮਾਮਲਾ ਪੈਂਡਿੰਗ ਹੈ ਤਾਂ ਇਹ ਜ਼ਰੂਰੀ ਨਹੀਂ ਉਹ ਨਿੱਜੀ ਤੌਰ ਤੇ ਪੰਜਾਬ ਆ ਕੇ ਸਾਡੇ ਅੱਗੇ ਪੇਸ਼ ਹੋ ਕੇ ਆਪਣੇ ਮਸਲੇ ਦੇ ਹੱਲ ਲਈ ਫਰਿਆਦ ਕਰਨ। ਉਨ੍ਹਾਂ ਕਿਹਾ ਕਿ ਪ੍ਰਵਾਸੀ ਪੰਜਾਬੀ ਪਿੰਡਾਂ ਵਿੱਚ ਰਹਿੰਦੇ ਆਪਣੇ ਸਾਕ ਸਬੰਧੀਆਂ ਰਾਹੀਂ ਆਪਣੀਆਂ ਦਰਖਾਸਤਾਂ ਸਾਡੇ ਸਾਹਮਣੇ ਪੇਸ਼ ਕਰ ਸਕਦੇ ਹਨ ਅਤੇ ਸਰਕਾਰ ਮਿੱਥੇ ਸਮੇਂ ਵਿੱਚ ਉਨ੍ਹਾਂ ਦੇ ਮਸਲਿਆਂ ਦਾ ਨਿਪਟਾਰਾ ਕਰੇਗੀ।

# ਦੇਸ਼ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੇ ਬਲੀਦਾਨ ਨੂੰ ਹਮੇਸ਼ਾਂ ਯਾਦ ਰੱਖੇਗਾ:ਮੋਦੀ

ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਮਹੀਨੇਵਾਰ 'ਮਨ ਕੀ ਬਾਤ' ਪ੍ਰੋਗਰਾਮ ਦੌਰਾਨ ਦੇਸ਼ ਨੂੰ ਸੰਬੋਧਿਤ ਕੀਤਾ । ਇਸ ਮੌਕੇ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਕਿਹਾ ਕਿ ਦੇਸ਼ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਨੂੰ ਹਮੇਸ਼ਾ ਯਾਦ ਰੱਖੇਗਾ । ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਨੇ ਸਾਲ ਦੀ ਆਪਣੀ ਆਖਰੀ 'ਮਨ ਦੀ ਬਾਤ' ਵਿਚ ਲੋਕਾਂ ਦਾ ਧਿਆਨ ਕਈ ਦੇਸ਼ਾਂ 'ਚ ਕੋਵਿਡ-19 ਦੇ ਵਧ ਰਹੇ ਮਾਮਲਿਆਂ ਵੱਲ ਦਿਵਾਉਂਦਿਆਂ ਦੇਸ਼ ਵਾਸੀਆਂ ਨੂੰ ਸੁਚੇਤ ਰਹਿਣ ਲਈ ਕਿਹਾ ਅਤੇ ਕੋਵਿਡ-19 ਵਿਰੁੱਧ ਸਾਵਧਾਨੀਆਂ ਵਰਤਣ ਲਈ ਕਿਹਾ । ਮੋਦੀ ਨੇ ਕਿਹਾ ਕਿ ਕ੍ਰਿਸਮਸ ਅਤੇ ਨਵੇਂ ਸਾਲ ਦੌਰਾਨ ਕਈ ਲੋਕ ਛੁੱਟੀਆਂ ਮਨਾ ਰਹੇ ਹਨ ਜਾਂ ਛੁੱਟੀਆਂ 'ਤੇ ਜਾਣਗੇ ਅਤੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਮਾਸਕ ਪਹਿਨਣ, ਹੱਥ ਧੋਣ ਵਰਗੇ ਪ੍ਰੋਟੋਕੋਲ ਦੀ ਪਾਲਣਾ ਕੀਤੀ ਜਾਵੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਨ੍ਹਾਂ ਦੀਆਂ ਛੁੱਟੀਆਂ ਦੀਆਂ ਖ਼ੁਸ਼ੀਆਂ 'ਤੇ ਵਾਇਰਸ ਨਾਲ ਮਾੜਾ ਪ੍ਰਭਾਵ ਨਾ ਪਵੇ।ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਨੇ ਆਤਮ ਨਿਰਭਰ ਦੇ ਆਪਣੇ ਸੰਕਲਪ ਨੂੰ ਅਪਣਾਇਆ ਅਤੇ ਨਿਭਾਇਆ ਅਤੇ ਆਪਣੇ ਪਹਿਲੇ ਲੜਾਕੂ ਜਹਾਜ਼ ਲਿਜਾਣ 'ਚ ਸਮਰੱਥ ਜੰਗੀ ਬੇੜੇ ਆਈ. ਐਨ. ਐਸ. ਵਿਕਰਾਂਤ ਦਾ ਸਵਾਗਤ ਕੀਤਾ।ਮੋਦੀ ਨੇ ਕਿਹਾ ਕਿ 2022 'ਚ ਦੇਸ਼ ਦੇ ਲੋਕਾਂ ਦੀ ਤਾਕਤ, ਉਨ੍ਹਾਂ ਦਾ ਸਹਿਯੋਗ, ਉਨ੍ਹਾਂ ਦਾ ਸੰਕਲਪ, ਉਨ੍ਹਾਂ ਦੀ ਅਪਾਰ ਸਫਲਤਾ ਏਨੀ ਵੱਡੀ ਸੀ ਕਿ ਉਨ੍ਹਾਂ ਸਾਰਿਆਂ ਨੂੰ 'ਮਨ ਕੀ ਬਾਤ' ਵਿਚ ਸ਼ਾਮਿਲ ਕਰਨਾ ਮੁਸ਼ਕਿਲ ਹੋਵੇਗਾ।ਭਾਰਤ ਨੇ ਸਾਲ 'ਚ ਆਪਣੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਪੂਰੀ ਕੀਤੀ ਅਤੇ ਅੰਮ੍ਰਿਤ ਕਾਲ ਵੀ ਸ਼ੁਰੂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਦੇਸ਼ ਨੂੰ ਇਕ ਨਵੀਂ ਗਤੀ ਮਿਲੀ।












# ਖਾੜਕੂਆਂ 'ਤੇ ਪੈਸਿਆਂ ਦਾ ਇਲਜ਼ਾਮ ਲਾਉਣ ਵਾਲੇ ਸ਼ਹੀਦ ਸਤਨਾਮ ਸਿੰਘ ਚੰਗਿਆੜਾ ਦਾ ਕੱਚਾ ਘਰ, ਬਾਲਿਆਂ ਵਾਲੀ ਛੱਤ ਤੇ ਟੁੱਟੀਆਂ ਬਾਰੀਆਂ ਆ ਕੇ ਵੇਖ ਲੈਣ:ਰਣਜੀਤ ਸਿੰਘ ਦਮਦਮੀ ਟਕਸਾਲ

## *ਖ਼ਾਲਿਸਤਾਨੀ ਜੁਝਾਰੂ ਸ਼ਹੀਦ ਭਾਈ ਸਤਨਾਮ ਸਿੰਘ ਸੱਤਾ ਚੰਗਿਆੜਾ ਦਾ 32ਵਾਂ ਸ਼ਹੀਦੀ ਦਿਹਾੜਾ ਖ਼ਾਲਸਾਈ ਸ਼ਾਨੋ-ਸ਼ੌਕਤ ਨਾਲ ਮਨਾਇਆ:ਸ਼ਹੀਦਾਂ ਦਾ ਖ਼ਾਲਿਸਤਾਨ ਦਾ ਸੁਪਨਾ ਅਵੱਸ਼ ਕਰਾਂਗੇ ਪੂਰਾ-ਫ਼ੈਡਰੇਸ਼ਨ ਭਿੰਡਰਾਂਵਾਲਾ*

ਅੰਮ੍ਰਿਤਸਰ: ਵੀਹਵੀਂ ਸਦੀ ਦੇ ਮਹਾਨ ਸਿੱਖ, ਜਰਨੈਲਾਂ ਦੇ ਜਰਨੈਲ ਅਤੇ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਖ਼ਾਲਿਸਤਾਨ ਦੇ ਹਥਿਆਰਬੰਦ ਸੰਘਰਸ਼ 'ਚ ਸ਼ਹਾਦਤ ਦਾ ਜਾਮ ਪੀਣ ਵਾਲੇ ਚੋਟੀ ਦੇ ਜੁਝਾਰੂ ਅਮਰ ਸ਼ਹੀਦ ਭਾਈ ਸਤਨਾਮ ਸਿੰਘ ਸੱਤਾ ਚੰਗਿਆੜਾ ਦਾ 32ਵਾਂ ਸ਼ਹੀਦੀ ਦਿਹਾੜਾ ਉਹਨਾਂ ਦੇ ਗ੍ਰਹਿ ਵਿਖੇ ਪਿੰਡ ਕੋਟਲੀ ਕੋਰੋਟਾਣਾ, ਨੇੜੇ ਅਜਨਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ 'ਚ ਪੂਰੇ ਖ਼ਾਲਸਾਈ ਸ਼ਾਨੋ-ਸ਼ੋਕਤ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ, ਕਵੀਸ਼ਰੀ ਅਤੇ ਕਥਾ ਵਿਚਾਰਾਂ ਹੋਈਆਂ ਤੇ ਫਿਰ ਪੰਥਕ ਅਤੇ ਖ਼ਾਲਿਸਤਾਨੀ ਜਥੇਬੰਦੀਆਂ ਦੇ ਆਗੂਆਂ ਨੇ ਵਿਚਾਰ ਪ੍ਰਗਟਾਉਂਦਿਆਂ ਸ਼ਹੀਦ ਭਾਈ ਸਤਨਾਮ ਸਿੰਘ ਸੱਤਾ ਚੰਗਿਆੜਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸਿੱਖ ਕੌਮ ਦੇ ਸੂਰਬੀਰ ਯੋਧੇ ਸ਼ਹੀਦ ਭਾਈ ਸਤਨਾਮ ਸਿੰਘ ਸੱਤਾ ਚੰਗਿਆੜਾ ਅਤੇ ਉਹਨਾਂ ਦੀ ਜੁਝਾਰੂ ਸਿੰਘਣੀ ਬੀਬੀ ਸ਼ਿੰਦਰ ਕੌਰ ਦੀ ਕੁਰਬਾਨੀ ਅੱਗੇ ਸਾਡਾ ਸਿਰ ਝੁਕਦਾ ਹੈ ਜਿਨ੍ਹਾਂ ਨੇ ਅਠਾਰਵੀਂ ਸਦੀ ਦੇ ਸਿੰਘਾਂ-ਸਿੰਘਣੀਆਂ ਵਾਂਗ ਸ਼ਾਨਾਮੱਤਾ ਇਤਿਹਾਸ ਸਿਰਜਿਆ ਹੈ। ਉਹਨਾਂ ਕਿਹਾ ਸਿੱਖੀ ਨਾਮ ਕੁਰਬਾਨੀਆਂ ਦਾ ਹੈ, ਤਿਆਗ ਦਾ ਹੈ, ਸ਼ਹਾਦਤ ਦਾ ਹੈ। ਸਿੱਖ ਨਿਰਭਉ ਅਤੇ ਨਿਰਵੈਰ ਹੁੰਦਾ ਹੈ ਤੇ ਉਹ ਜ਼ੁਲਮ ਅਤੇ ਜ਼ਾਲਮ ਵਿਰੁੱਧ ਜੂਝਦਾ ਹੈ ਅਤੇ ਸਰਬੱਤ ਦੇ ਭਲੇ ਤੇ ਸਾਂਝੀਵਾਲਤਾ ਦਾ ਹੋਕਾ ਦਿੰਦਾ ਹੈ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਜਿਹੜੇ ਲੋਕ ਕਹਿੰਦੇ ਹਨ ਕਿ ਖਾੜਕੂਆਂ ਨੇ ਹਥਿਆਰਾਂ ਦੇ ਜੋਰ 'ਤੇ ਪੈਸੇ ਇਕੱਠੇ ਕਰ ਲਏ, ਉਹ ਲੋਕ ਪਿੰਡ ਕੋਟਲੀ ਵਿਖੇ ਆ ਕੇ ਭਾਈ ਸਤਨਾਮ ਸਿੰਘ ਚੰਗਿਆੜਾ ਦਾ ਕੱਚਾ ਘਰ, ਟੁੱਟੀਆਂ ਬਾਰੀਆਂ ਤੇ ਬਾਲੇ ਵਾਲੀਆਂ ਛੱਤਾਂ ਵੇਖ ਲੈਣ। ਜਿਹੜੇ ਕਹਿੰਦੇ ਨੇ ਕਿ ਸੰਘਰਸ਼ 'ਚ ਕੀ ਖੱਟਿਆ, ਨੁਕਸਾਨ ਕਰਵਾ ਲਿਆ ਉਹਨਾਂ ਨੂੰ ਜਵਾਬ ਹੈ ਕਿ ਇਹ ਸੰਘਰਸ਼ ਕੁਝ ਖੱਟਣ-ਖਟਾਉਣ ਦਾ ਵਪਾਰ ਨਹੀਂ ਜਿਸ ਵਿੱਚ ਨਫ਼ਾ-ਨੁਕਸਾਨ ਵੇਖਦੇ ਇਹ ਸਾਡੇ ਧਰਮ 'ਤੇ ਹਮਲਾ ਸੀ ਤੇ ਹਿੰਦੁਸਤਾਨ ਦੀ ਹਕੂਮਤ ਟੱਕਰ ਲੈ ਕੇ ਸੂਰਮਿਆਂ ਨੇ ਗੁਰ-ਸਿਧਾਂਤ 'ਤੇ ਪਹਿਰਾ ਦਿੱਤਾ ਹੈ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਸੰਗਤਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਚਾਰ ਸਾਹਿਬਜ਼ਾਦਿਆਂ ਦਾ ਲਸਾਨੀ ਇਤਿਹਾਸ ਵੀ ਸੁਣਾਇਆ ਤੇ ਜੋਸ਼ੀਲੀ ਤਕਰੀਰ ਦੌਰਾਨ ਇਹ ਵੀ ਕਿਹਾ ਕਿ ਅਸੀਂ ਇਹਨਾਂ ਸ਼ਹੀਦਾਂ ਦਾ ਖ਼ਾਲਿਸਤਾਨ ਦਾ ਸੁਪਨਾ ਅਵੱਸ਼ ਪੂਰਾ ਕਰਾਂਗੇ ਏਹੀ ਸੱਚੀ ਸ਼ਰਧਾਂਜਲੀ ਹੈ। ਜਥਾ ਸਿਰਲੱਥ ਖ਼ਾਲਸਾ ਦੇ ਮੁੱਖ ਜਥੇਦਾਰ ਭਾਈ ਦਿਲਬਾਗ ਸਿੰਘ ਸੁਲਤਾਨਵਿੰਡ ਨੇ ਕਿਹਾ ਕਿ ਮੇਰੇ ਪਿਤਾ ਜੀ ਸ਼ਹੀਦ ਬਾਬਾ ਪਿਆਰਾ ਸਿੰਘ ਜੀ ਸੁਲਤਾਨਵਿੰਡ ਨੇ ਖੁਦ ਖ਼ਾਲਿਸਤਾਨੀ ਸੰਘਰਸ਼ 'ਚ ਸ਼ਹੀਦੀ ਪਾਈ ਹੈ ਤੇ ਅਸੀਂ ਆਪਣੇ ਪਿੰਡੇ 'ਤੇ ਜ਼ੁਲਮ-ਤਸ਼ੱਦਦ ਝੱਲਿਆ ਹੈ ਤੇ ਅੱਜ ਵੀ ਕੁਰਬਾਨੀ ਕਰਨ ਤੋਂ ਪਿੱਛੇ ਨਹੀਂ ਹੱਟਦੇ। ਖ਼ਾਲਿਸਤਾਨ ਬਿਨਾਂ ਸਾਡਾ ਗੁਜ਼ਾਰਾ ਨਹੀਂ ਹੈ, ਸਾਡੇ ਪੰਥ 'ਤੇ ਹਰ ਰੋਜ਼ ਹਮਲੇ ਹੋ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਭਾਈ ਅਮਰੀਕ ਸਿੰਘ ਨੰਗਲ, ਸ਼ਹੀਦ ਭਾਈ ਪਰਮਜੀਤ ਸਿੰਘ ਤੁਗਲਵਾਲਾ ਦੀ ਸੁਪਤਨੀ ਬੀਬੀ ਕੁਲਵਿੰਦਰ ਕੌਰ ਖ਼ਾਲਸਾ ਅਤੇ ਭਾਈ ਪਰਮਜੀਤ ਸਿੰਘ ਅਕਾਲੀ, ਗੁਰਦੁਆਰਾ ਕਰਤਾਰਪੁਰ ਸਾਹਿਬ ਲਾਂਘਾ ਕਮੇਟੀ ਦੇ ਮੁਖੀ ਭਾਈ ਸੁਰਿੰਦਰਪਾਲ ਸਿੰਘ ਤਾਲਿਬਪੁਰਾ ਨੇ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ, ਇਹਨਾਂ ਦੀਆਂ ਸ਼ਹਾਦਤਾਂ ਅਜਾਈਂ ਨਹੀਂ ਜਾਣਗੀਆਂ। ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਜਥਾ ਸਿਰਲੱਥ ਖ਼ਾਲਸਾ ਦੇ ਪ੍ਰਧਾਨ ਭਾਈ ਦਿਲਬਾਗ ਸਿੰਘ ਸੁਲਤਾਨਵਿੰਡ ਵੱਲੋਂ ਸ਼ਹੀਦ ਭਾਈ ਸਤਨਾਮ ਸਿੰਘ ਚੰਗਿਆੜਾ ਦੀ ਸੁਪਤਨੀ ਬੀਬੀ ਸ਼ਿੰਦਰ ਕੌਰ, ਸਪੁੱਤਰੀ ਬੀਬੀ ਸੁਖਰਾਜ ਕੌਰ ਅਤੇ ਵੱਡੇ ਭਰਾ ਭਾਈ ਗੁਰਮੇਲ ਸਿੰਘ ਨੂੰ ਸਿਰੋਪਿਆਂ ਅਤੇ ਸ਼ੀਲਡਾਂ ਨਾਲ ਖ਼ਾਲਸਾਈ ਜੈਕਾਰਿਆਂ ਦੀ ਗੂੰਜ ਵਿੱਚ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ, ਗੁਰਸ਼ਰਨ ਸਿੰਘ ਛੰਨਾ, ਸਤਵਿੰਦਰ ਸਿੰਘ ਨਿਹੰਗ, ਸੁਖਵਿੰਦਰ ਸਿੰਘ ਨਿਜ਼ਾਮਪੁਰ, ਹਰਜੋਤ ਸਿੰਘ ਨਿਹੰਗ, ਜਗਰੂਪ ਸਿੰਘ ਆਦਿ ਹਾਜ਼ਰ ਸਨ।




# ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵਿਚ ਮਿਆਂਮਾਰ ਬਾਰੇ ਮਤੇ 'ਤੇ ਭਾਰਤ ਨੇ ਦਿੱਤਾ ਰੂਸ ਤੇ ਚੀਨ ਦਾ ਸਾਥ

ਸੈਕਰਾਮੈਂਟੋ(ਹੁਸਨ ਲੜੋਆ ਬੰਗਾ)-ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵਿਚ ਪੇਸ਼ ਕੀਤੇ ਮਤੇ ਜਿਸ ਵਿਚ ਮਿਆਂਮਾਰ ਵਿਚ ਲੋਕਤੰਤਰ ਬਹਾਲ ਕਰਨ, ਜੇਲਾਂ ਵਿਚ ਬੰਦ ਰਾਜਸੀ ਕੈਦੀ ਰਿਹਾਅ ਕਰਨ ਦਾ ਸੱਦਾ ਦਿੱਤਾ ਗਿਆ ਸੀ, ਉਪਰ ਵੋਟਿੰਗ ਦੌਰਾਨ ਭਾਰਤ ਨੇ ਰੂਸ ਤੇ ਚੀਨ ਦਾ ਸਾਥ ਦਿੱਤਾ।

ਇਹ ਤਿੰਨੇ ਦੇਸ਼ ਗੈਰ ਹਾਜਰ ਰਹੇ। ਮਿਆਂਮਾਰ ਵਿਚ ਲੋਕਤੰਤਰਿਕ ਢੰਗ ਤਰੀਕੇ ਨਾਲ ਚੁਣੀ ਸਰਕਾਰ ਦਾ ਤਖਤਾ ਪਲਟ ਦੇਣ ਦੇ 22 ਮਹੀਨੇ ਬਾਅਦ ਸੰਯੁਕਤ ਰਾਸ਼ਟਰ ਵਿਚ ਪੇਸ਼ ਮਤੇ ਨੂੰ 15 ਮੈਂਬਰੀ ਸਲਾਮਤੀ ਕੌਂਸਲ ਵਿਚ 12 ਵੋਟਾਂ ਮਿਲੀਆਂ।

ਰੂਸ ਤੇ ਚੀਨ ਦਾ ਵਿਰੋਧ ਟਾਲਣ ਲਈ ਆਮ ਸਹਿਮਤੀ ਬਣਾਉਣ ਵਾਸਤੇ ਲੰਬੇ ਵਿਚਾਰ ਵਟਾਂਦਰੇ ਉਪਰੰਤ ਬਰਤਾਨੀਆ ਵੱਲੋਂ ਪੇਸ਼ ਮਤਾ ਆਪਣੇ ਮੰਤਵ ਵਿਚ ਨਾਕਾਮ ਰਿਹਾ।

ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਥਾਈ ਮੈਂਬਰ ਰੁਕਿਰਾ ਕੰਬੋਜ ਨੇ ਮਤੇ ਉਪਰ ਬੋਲਦਿਆਂ ਮਿਆਂਮਾਰ ਵਿਚ ਲੋਕਤੰਤਰ ਬਹਾਲ ਕਰਨ ਤੇ ਰਾਜਸੀ ਕੈਦੀ ਰਿਹਾਅ ਕਰਨ ਦੀ ਅਪੀਲ ਕੀਤੀ ਪਰੰਤੂ ਕਿਹਾ ਕਿ ਮਤੇ ਨਾਲ ਮੰਤਵ ਦੀ ਪੂਰਤੀ ਨਹੀਂ ਹੁੰਦੀ।


BADH
26 Years Experience in Accounting
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC

Jasbir Singh Badh

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਓ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE Immigration & Settlement Services
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
ICCRC CRCIC

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
» Express Entry (PR)
» FSW, FST
» Canadian Experience Class
» LMIA & Work Permit
» PNP
» Spousal (Marriage) Sponsorship
» Business (Investor) Visa
» Study Visa
» Care-giver (Nanny)
» Visitor Visa
» Super Visa
» Citizenship Application
» Refusal Cases
» IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਘਰਾਂ ਵਿਚ ਬੱਚਿਆਂ ਨੂੰ ਸਿੱਖੀ ਪ੍ਰਵਰਿਸ਼ ਦਿਓ...

ਅੱਜ ਕੜਕਦੀ ਠੰਢ ਵਾਲੇ ਦਿਨ, ਸਿੱਖ ਸੰਗਤ ਨੰਗੇ ਪੈਰੀਂ ਪਾਣੀ 'ਚ ਚਲ ਕੇ ਸਾਹਿਬਜ਼ਾਦਿਆਂ ਨੂੰ ਅਪਣੀ ਸ਼ਰਧਾਂਜਲੀ ਦੇਣ ਦਾ ਯਤਨ ਕਰਦੀ ਵੇਖੀ। ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਨੇ ਜਿਸ ਤਰ੍ਹਾਂ ਸਿੱਖ ਪੰਥ ਦੀ ਆਨ ਸ਼ਾਨ ਵਾਸਤੇ ਅਪਣੀ ਕੁਰਬਾਨੀ ਦਿਤੀ, ਉਸ ਨੂੰ ਵੇਖ ਕੇ ਸੱਭ ਦੇ ਦਿਲ ਵਲੂੰਧਰੇ ਵੀ ਜਾਂਦੇ ਹਨ ਤੇ ਨਾਲ ਨਾਲ ਹਰ ਮਾਂ ਅਪਣੇ ਬੱਚਿਆਂ ਨੂੰ ਵੀ ਪੁਛਦੀ ਹੈ ਕਿ ਤੁਸੀ ਇਸ ਤਰ੍ਹਾਂ ਦੇ ਕਿਉਂ ਨਹੀਂ ਬਣੇ? ਅੱਜ ਇਹ ਨਹੀਂ ਆਖਿਆ ਜਾ ਸਕਦਾ ਕਿ ਸਿੱਖ ਪੰਥ ਦੇ ਵਾਰਸ ਸਿੱਖੀ ਤੋਂ ਬਹੁਤ ਦੂਰ ਹਨ ਜਾਂ ਗੁਰੂ ਸਾਹਿਬਾਂ ਦੀ ਸੋਚ 'ਤੇ ਚੱਲਣ ਵਾਲੇ ਘੱਟ ਗਏ ਹਨ। ਗੁਰੂ ਗੋਬਿੰਦ ਸਿੰਘ ਦਾ ਐਲਾਨ ਸੀ ਕਿ 'ਸਵਾ ਲਾਖ ਸੇ ਇਕ ਲੜਾਉਂ...'। ਉਸ ਤਰ੍ਹਾਂ ਦੇ ਕੁੱਝ ਸਿੱਖ ਤਾਂ ਅੱਜ ਵੀ ਮਿਲ ਹੀ ਜਾਣਗੇ। ਕਦੇ ਦਿੱਲੀ ਦੀਆਂ ਸਰਹੱਦਾਂ ਤੇ, ਕਦੇ ਜ਼ੀਰੇ 'ਚ ਸ਼ਰਾਬ ਫ਼ੈਕਟਰੀ ਦੇ ਬਾਹਰ, ਆਉਣ ਵਾਲੀਆਂ ਪੀੜ੍ਹੀਆਂ ਖ਼ਾਤਰ ਅਪਣੀ ਕੁਰਬਾਨੀ ਦੇਣ ਵਾਲੇ ਸਿੱਖ ਅੱਜ ਵੀ ਹਨ ਤੇ ਸਦਾ ਹੀ ਰਹਿਣਗੇ।

ਜਿਸ ਧਰਮ ਵਿਚ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਦਾ ਸ਼ਰਧਾ ਨਾਲ ਬਖਾਨ ਹੁੰਦਾ ਹੋਵੇ, ਉਸ ਕੌਮ ਵਿਚ ਜਦ ਨਸ਼ਾ ਤੇ ਪੈਸਾ ਸੱਭ ਤੋਂ ਵੱਡੀ ਖਿੱਚ ਬਣ ਜਾਵੇ ਤਾਂ ਚਿੰਤਾ ਤਾਂ ਹੁੰਦੀ ਹੀ ਹੈ। ਪਰ ਜਾਂ ਤਾਂ ਚਿੰਤਾ ਵਿਚ ਨਿਰਾਸ਼ ਹੋ ਜਾਵੋ ਜਾਂ ਫਿਰ ਅੱਜ ਦੇ ਦਿਨ ਅਪਣੇ ਇਤਿਹਾਸ ਦੇ ਸਾਹਸੀ ਸਾਹਿਬਜ਼ਾਦਿਆਂ ਤੋਂ ਸਬਕ ਸਿਖ ਕੇ ਅਪਣੇ ਜੀਵਨ ਵਿਚ ਸੁਧਾਰ ਲਿਆਉਣ ਦਾ ਫ਼ੈਸਲਾ ਵੀ ਕੀਤਾ ਜਾ ਸਕਦਾ ਹੈ।

ਸਾਡੇ ਬਚਪਨ ਵਿਚ ਸਾਨੂੰ ਕੁੱਝ ਸ਼ਬਦ ਸਿਖਣ ਦੀ ਆਦਤ ਸੀ ਅਤੇ ਕੁਝਨਾਂ ਨੂੰ ਸਾਡੀ ਸਿਖਿਆ ਦਾ ਹਿੱਸਾ ਬਣਾਇਆ ਗਿਆ ਸੀ ਜਿਸ ਦਾ ਅਸਰ ਅਸੀ ਅੱਜ ਅਪਣੇ ਜੀਵਨ ਵਿਚ ਵੇਖਦੇ ਹਾਂ। ਸਾਨੂੰ ਹਰ ਗੁਰਪੁਰਬ ਨਾਲ ਸਬੰਧਤ ਸ਼ਬਦ ਸਿਖਾਏ ਜਾਂਦੇ ਸਨ। ਸਾਨੂੰ ਗੁਰੂਆਂ ਦੀਆਂ ਜੀਵਨੀਆਂ ਤੇ ਕਿਤਾਬਾਂ ਪੜ੍ਹਾਈਆਂ ਜਾਂਦੀਆਂ ਸਨ।

''ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥'' ਇਸ ਇਕ ਵਾਕ ਪਿੱਛੇ ਦੀ ਹਕੀਕਤ ਸਮਝਾਉਂਦੇ ਹੋਏ ਮੇਰੇ ਪਿਤਾ ਜੀ ਨੂੰ ਕਈ ਘੰਟੇ ਲੱਗ ਗਏ ਸਨ ਕਿਉਂਕਿ ਇਸ ਦੀ ਗਹਿਰਾਈ ਬੜੀ ਡੂੰਘੀ ਸੀ।

''ਜਬ ਆਵ ਕੀ ਅਉਧ ਨਿਧਾਨ ਬਨੈ ਅਤ ਹੀ ਰਣ ਮੈ ਤਬ ਜੂਝ ਮਰੋਂ।''

ਵਰਗੀਆਂ ਸਤਰਾਂ ਸਿਰਫ਼ ਰਟਾਈਆਂ ਹੀ ਨਹੀਂ ਗਈਆਂ ਸਨ ਬਲਕਿ ਉਨ੍ਹਾਂ ਪਿੱਛੇ ਦੀ ਹਰ ਹਕੀਕਤ ਨੂੰ ਸਾਡੇ ਜ਼ਿਹਨ ਵਿਚ ਟਿਕਾਇਆ ਗਿਆ ਸੀ। ਇਸ ਤਰ੍ਹਾਂ ਦੀ ਸਿਖਲਾਈ ਸਾਡੇ ਘਰ ਵਿਚ ਹੀ ਨਹੀਂ ਸਗੋਂ ਹਰ ਘਰ ਵਿਚ ਕਰਾਈ ਜਾਂਦੀ ਸੀ ਤੇ ਹਰ ਸਕੂਲ ਵਿਚ ਦਿਤੀ ਜਾਂਦੀ ਸੀ। ਜੋ ਫ਼ੌਲਾਦੀ ਕਿਰਦਾਰ ਅਸੀ ਦੁਨੀਆਂ ਵਿਚ ਹਰ ਔਖੀ ਘੜੀ 'ਚ ਉਭਰਦੇ ਵੇਖੇ, ਉਹ ਸਿੱਖੀ ਦੀ ਸਿਖਿਆ ਸੀ ਜੋ ਸਾਡੇ ਪਾਲਣ ਪੋਸਣ ਸਮੇਂ ਸਾਡੇ ਮਨਾਂ ਵਿਚ ਵਸਾ ਦਿਤੀ ਜਾਂਦੀ ਸੀ।

ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਗੁਰੂ ਗੋਬਿੰਦ ਸਿੰਘ ਤੇ ਮਾਤਾ ਗੁਜਰੀ ਦੀ ਪਰਵਰਿਸ਼ ਦਾ ਨਤੀਜਾ ਸੀ ਜਿਸ ਨੇ ਉਨ੍ਹਾਂ ਨੂੰ ਛੋਟੀ ਉਮਰ ਵਿਚ ਹੀ ਇਸ ਕਾਬਲ ਬਣਾਇਆ ਕਿ ਉਨ੍ਹਾਂ ਦੀ ਤਾਕਤ ਸਾਰੀ ਹਕੂਮਤ ਦੇ ਮੁਕਾਬਲੇ ਜ਼ਿਆਦਾ ਮਜ਼ਬੂਤ ਸਾਬਤ ਹੋਈ। ਉਸੇ ਫ਼ੌਲਾਦ ਨਾਲ ਹੀ ਉਹ ਸਿਪਾਹੀ ਬਣੇ ਜਿਨ੍ਹਾਂ ਵਿਸ਼ਵ ਜੰਗਾਂ ਵਿਚ ਸਿੱਖ ਬਟਾਲੀਅਨਾਂ ਦਾ ਨਾਮ ਅਮਰ ਕੀਤਾ, ਜਿਸ ਤੋਂ ਭਗਤ ਸਿੰਘ, ਊਧਮ ਸਿੰਘ ਵਰਗੇ ਬਣੇ, ਜਿਸ ਤੋਂ ਹਿੰਦੁਸਤਾਨ ਦੀਆਂ ਸਰਹੱਦਾਂ ਤੇ ਗਰਜਦੇ ਫ਼ੌਜੀ ਬਣੇ, ਜਿਸ ਤੋਂ ਸ. ਮਨਮੋਹਨ ਸਿੰਘ, ਤਨਮਨਜੀਤ ਸਿੰਘ ਢੇਸੀ ਤੇ ਹੋਰ ਬਣੇ।

ਉਸ ਪਰਵਰਿਸ਼ ਵਿਚ ਸਿੱਖੀ ਸੀ ਜੋ ਮਹਾਰਾਜਾ ਦਲੀਪ ਸਿੰਘ ਨੂੰ ਵਾਪਸ ਖਿੱਚ ਲਿਆਈ ਭਾਵੇਂ ਬਰਤਾਨੀਆਂ ਦੀ ਮਹਾਰਾਣੀ ਨੇ ਉਸ ਨੂੰ ਈਸਾਈ ਬਣਾਉਣ ਦਾ ਪੂਰਾ ਯਤਨ ਕੀਤਾ।

ਜਦ ਅਸੀ ਵੇਖਦੇ ਹਾਂ ਕਿ ਅੱਜ ਦੇ ਬੱਚੇ ਪੰਜਾਬ ਤੋਂ ਦੂਰ ਜਾਣਾ ਚਾਹੁੰਦੇ ਹਨ ਜਾਂ ਨਸ਼ਾ ਕਰਨਾ ਚਾਹੁੰਦੇ ਹਨ, ਪੜ੍ਹਾਈ ਛੱਡ ਬੰਦੂਕਾਂ ਚੁਕਣਾ ਚਾਹੁੰਦੇ ਹਨ, ਤਾਂ ਇਹੀ ਮਹਿਸੂਸ ਹੁੰਦਾ ਹੈ ਕਿ ਪਾਲਣ ਪੋਸਣ ਵਿਚ ਕਿਧਰੇ ਕਮੀ ਰਹਿ ਗਈ ਹੈ। ਪਾਲਣ ਪੋਸਣ (ਪਰਵਰਿਸ਼) ਨੂੰ ਸ਼ਰਾਬ, ਭੁੱਕੀ ਨੇ ਕਮਜ਼ੋਰ ਕਰ ਦਿਤਾ ਹੈ ਤੇ ਹੁਣ ਜੋ ਮਿਲਾਵਟੀ ਪਰਵਰਿਸ਼ ਹੈ, ਉਸ 'ਚੋਂ ਕਮਜ਼ੋਰ ਪੀੜ੍ਹੀਆਂ ਹੀ ਨਿਕਲਣਗੀਆਂ।

**- ਨਿਮਰਤ ਕੌਰ**


## 2 ਤੋਂ 9 ਜਨਵਰੀ ਤੱਕ ਮਨਾਇਆ ਜਾਵੇਗਾ 'ਸਵੈ-ਨਿਰਣੇ ਦਾ ਅਧਿਕਾਰ ਹਫ਼ਤਾ'

ਲੰਡਨ:ਗਲੋਬਲ ਅਵੇਅਰਨੈੱਸ ਮੂਵਮੈਂਟ ਜੰਮੂ-ਕਸ਼ਮੀਰ ਦੇ ਲੋਕਾਂ ਨਾਲ ਇਕਜੁੱਟਤਾ ਪ੍ਰਗਟਾਉਣ ਲਈ 2 ਤੋਂ 9 ਜਨਵਰੀ ਤੱਕ "ਸਵੈ-ਨਿਰਣੇ ਦਾ ਅਧਿਕਾਰ ਹਫ਼ਤਾ" ਮਨਾਏਗੀ।ਗਲੋਬਲ ਅਵੇਅਰਨੈੱਸ ਮੂਵਮੈਂਟ ਜੰਮੂ-ਕਸ਼ਮੀਰ ਦੇ ਚੇਅਰਮੈਨ ਰਾਜਾ ਇਜਾਜ਼ ਸ਼ੇਖ ਨੇ ਲੰਡਨ 'ਚ ਜਾਰੀ ਇਕ ਬਿਆਨ 'ਚ ਕਿਹਾ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਪ੍ਰਵਾਨਿਤ ਮਤਿਆਂ ਦੇ ਮੁਤਾਬਕ ਬ੍ਰਿਟੇਨ, ਯੂਰਪ, ਪਾਕਿਸਤਾਨ ਅਤੇ ਆਜ਼ਾਦ ਜੰਮੂ-ਕਸ਼ਮੀਰ 'ਚ ਸਮਾਗਮ ਆਯੋਜਿਤ ਕੀਤੇ ਜਾਣਗੇ। "ਸਵੈ-ਨਿਰਣੇ ਦਾ ਅਧਿਕਾਰ ਹਫ਼ਤਾ" ਦੇ ਸਬੰਧ ਵਿੱਚ ਅਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਕਸ਼ਮੀਰੀਆਂ ਦੀਆਂ ਭਾਵਨਾਵਾਂ ਤੋਂ ਜਾਣੂ ਕਰਵਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਕਬਜ਼ੇ ਵਾਲੇ ਖੇਤਰ ਦੇ ਲੋਕ ਕਸ਼ਮੀਰ ਵਿਵਾਦ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉਜਾਗਰ ਕਰਨ ਅਤੇ ਲੰਬੇ ਸਮੇਂ ਤੋਂ ਚੱਲ ਰਹੇ ਵਿਵਾਦ ਦੇ ਟਿਕਾਊ ਅਤੇ ਸ਼ਾਂਤੀਪੂਰਨ ਹੱਲ ਲਈ ਸਾਲ 2023 ਵਿੱਚ ਆਪਣੀਆਂ ਗਤੀਵਿਧੀਆਂ ਨੂੰ ਹੋਰ ਤੇਜ਼ ਕਰਨਗੇ।

## ਪ੍ਰਚੰਡ ਨੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ

ਕਾਠਮੰਡੂ:ਰਾਸ਼ਟਰਪਤੀ ਵਿੱਦਿਆ ਦੇਵੀ ਭੰਡਾਰੀ ਨੇ ਪੁਸ਼ਪ ਕਮਲ ਦਹਲ ਉਰਫ ਪ੍ਰਚੰਡ ਨੂੰ ਨੇਪਾਲ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਾਈ।ਉਹ 2008 ਤੋਂ 2009 ਤੇ 2016 ਤੋਂ 2017 ਤੱਕ ਵੀ ਪ੍ਰਧਾਨ ਮੰਤਰੀ ਰਹਿ ਚੁੱਕੇ ਹਨ।ਪ੍ਰਚੰਡ ਨੇ ਸਾਬਕਾ ਪ੍ਰਧਾਨ ਮੰਤਰੀ ਤੇ ਚੀਨ ਦੇ ਕਰੀਬੀ ਮੰਨੇ ਜਾਂਦੇ ਕਮਿਊਨਿਸਟ ਆਗੂ ਕੇ ਪੀ ਸ਼ਰਮਾ ਓਲੀ ਦੀ ਪਾਰਟੀ ਤੇ ਚਾਰ ਹੋਰ ਪਾਰਟੀਆਂ ਨਾਲ ਮਿਲ ਕੇ ਸਰਕਾਰ ਬਣਾਈ ਹੈ।ਉਹ ਢਾਈ ਸਾਲ ਪ੍ਰਧਾਨ ਮੰਤਰੀ ਰਹਿਣਗੇ ਤੇ ਫਿਰ ਸੀ ਪੀ ਐੱਨ-ਯੂ ਐੱਮ ਐੱਲ ਸੱਤਾ ਸੰਭਾਲੇਗੀ।ਮਤਲਬ ਕਿ ਓਲੀ ਫਿਰ ਪ੍ਰਧਾਨ ਮੰਤਰੀ ਬਣਨਗੇ।ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪ੍ਰਚੰਡ ਨੂੰ ਵਧਾਈ ਦਿੰਦਿਆਂ ਟਵੀਟ ਕੀਤਾ-ਭਾਰਤ ਤੇ ਨੇਪਾਲ ਵਿਚਾਲੇ ਬੇਮਿਸਾਲ ਸੰਬੰਧ ਹਨ।ਡੂੰਘਾ ਸੱਭਿਆਚਾਰਕ ਜੁੜਾਅ ਹੈ।ਦੋਹਾਂ ਦੇਸ਼ਾਂ ਦੇ ਸੰਬੰਧ ਲੋਕਾਂ ਵਿਚਾਲੇ ਗਰਮਜੋਸ਼ੀ-ਭਰੇ ਸੰਬੰਧਾਂ 'ਤੇ ਅਧਾਰਤ ਹਨ।ਮੈਂ ਇਸ ਦੋਸਤੀ ਨੂੰ ਹੋਰ ਮਜ਼ਬੂਤ ਕਰਨ ਲਈ ਤੁਹਾਡੇ ਨਾਲ ਮਿਲ ਕੇ ਕੰਮ ਕਰਨ ਦੀ ਆਸ ਰੱਖਦਾ ਹਾਂ । ਨੇਪਾਲ ਵਿਚ ਚੀਨੀ ਦੂਤਘਰ ਨੇ ਵੀ ਨੇਪਾਲ ਦਾ 44ਵਾਂ ਪ੍ਰਧਾਨ ਮੰਤਰੀ ਬਣਨ 'ਤੇ ਪ੍ਰਚੰਡ ਨੂੰ ਵਧਾਈ ਦਿੱਤੀ ਹੈ ।


BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration



New Location:
346 8140 128th St
(Payal Bus. Centre)
Surrey BC
Ph: 778-565-5000

Flagship Location:
6612 Main St.
Vancouver BC
Ph: 604-327-8711

BhartiJewellers.com

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor
KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator
BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year
PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਸਿੱਖੋ ! ਭਗਵੇਂ ਬ੍ਰਿਗੇਡ ਦੀ ਚਾਲ ਨੂੰ ਨਕਾਰੋ
# ਵੀਰ ਬਾਲ ਦਿਵਸ ਨਹੀਂ, ਸਾਹਿਬਜ਼ਾਦੇ ਸ਼ਹਾਦਤ ਦਿਵਸ

ਕਲਗੀਧਰ ਪਾਤਸ਼ਾਹ ਦੇ ਲਾਲਾਂ ਦੀ ਧਰਮ ਹੇਤ ਅਦੁੱਤੀ ਤੇ ਲਸਾਨੀ ਸ਼ਹਾਦਤ ਨੇ ਵਿਲੱਖਣ ਇਤਿਹਾਸ ਸਿਰਜਿਆ ਹੈ, ਜਿਸ ਦੀ ਸੰਸਾਰ ਭਰ 'ਚ ਕੋਈ ਹੋਰ ਮਿਸਾਲ ਨਹੀਂ ਮਿਲ਼ਦੀ। ਸਾਹਿਬਜ਼ਾਦਿਆਂ ਨੇ ਆਪਣਾ ਆਪ ਨੀਂਹਾਂ 'ਚ ਚਿਣਵਾ ਕੇ ਸਿੱਖ ਕੌਮ ਦੀਆਂ ਨੀਂਹਾਂ ਮਜ਼ਬੂਤ ਕੀਤੀਆਂ ਹਨ ਤੇ ਆਉਣ ਵਾਲ਼ੀਆਂ ਪੀੜ੍ਹੀਆਂ ਨੂੰ ਇੱਕ ਨਿਵੇਕਲਾ ਮਾਰਗ ਦਰਸਾਇਆ ਹੈ ਕਿ ਜਦ ਧਰਮ 'ਤੇ ਬਿਪਤਾ ਆਣ ਪਵੇ ਤਾਂ ਧਰਮ ਦੀ ਰਾਖੀ ਹਿੱਤ ਕਿਵੇਂ ਭੈਅ ਮੁਕਤ ਹੋ ਕੇ ਖ਼ਾਲਸਾਈ ਜਜ਼ਬੇ ਸਹਿਤ ਸ਼ਹਾਦਤ ਨੂੰ ਗਲੇ ਲਗਾਉਣਾ ਹੈ।

ਭਾਰਤ ਦੇ ਹਿੰਦੂਤਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਡੂੰਘੀ ਸਾਜਿਸ਼ ਅਤੇ ਆਰ.ਐੱਸ.ਐੱਸ. ਦੇ ਏਜੰਡੇ ਤਹਿਤ ਦੋ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਹਰ ਸਾਲ 26 ਦਸੰਬਰ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣ ਦਾ ਐਲਾਨਿਆ ਸੀ ਜੋ ਕਿ ਸਿੱਖ ਕੌਮ 'ਤੇ ਧਾਰਮਿਕ, ਸਿਧਾਂਤਕ, ਮਨੋਵਿਗਿਆਨਕ, ਇਤਿਹਾਸਕ ਅਤੇ ਬੌਧਿਕ ਹਮਲਾ ਹੈ ਤੇ ਸਾਹਿਬਜ਼ਾਦਿਆਂ ਦੀ ਰੂਹਾਨੀਅਤ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਇਹ ਰੁਝਾਨ ਕਦਾਚਿਤ ਗੁਰਮਤਿ ਅਤੇ ਸਿੱਖੀ ਵਿੱਚ ਸ਼ਹਾਦਤਾਂ ਨੂੰ ਯਾਦ ਕਰਨ ਦੇ ਅਨੁਕੂਲ ਨਹੀਂ ਹੈ। ਸਾਹਿਬਜ਼ਾਦੇ, ਕੋਈ ਆਮ ਬਾਲ ਜਾਂ ਬੱਚੇ ਨਹੀਂ, ਬਲਕਿ ਛੋਟੀ ਉਮਰੇ ਧਰਮ ਹੇਤ ਸ਼ਹੀਦੀਆਂ ਪਾਉਣ ਕਰਕੇ ਸਿੱਖ ਕੌਮ ਦੇ ਸਰਬਉੱਚ ਲਕਬ 'ਬਾਬਾ' ਨਾਲ਼ ਨਿਵਾਜੇ ਹੋਏ ਹਨ। ਉਹਨਾਂ ਪ੍ਰਤੀ ਜੋ 'ਵੀਰ ਬਾਲ ਦਿਵਸ' ਨਾਮ ਵਰਤਿਆ ਗਿਆ ਹੈ ਇਸ ਵਿੱਚੋਂ ਰੱਤਾ ਭਰ ਵੀ ਸਿੱਖੀ ਦੀ ਖ਼ੁਸ਼ਬੂ ਨਹੀਂ ਆਉਂਦੀ ਤੇ ਇਹ ਨਾਮ ਸਿੱਖੀ ਪ੍ਰੰਪਰਾਵਾਂ ਤੇ ਸਿਧਾਂਤ ਅਨੁਸਾਰ ਠੀਕ ਨਹੀਂ ਹੈ, ਇਹ ਉਹਨਾਂ ਦੀਆਂ ਸ਼ਹਾਦਤਾਂ ਨੂੰ ਛੋਟਾ ਕਰਨ ਦਾ ਯਤਨ ਹੈ।

ਅਖੌਤੀ ਰਾਸ਼ਟਰਵਾਦ ਦੀ ਭੇਂਟ ਚੜ੍ਹ ਕੇ ਸਾਹਿਬਜ਼ਾਦਿਆਂ ਦੀਆਂ ਮਹਾਨ ਸ਼ਹਾਦਤਾਂ ਨੂੰ ਰੋਲਣ ਤੋਂ ਗੁਰੇਜ ਕੀਤਾ ਜਾਏ। ਇਸ ਤਲਖ ਹਕੀਕਤ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਏ ਅਤੇ ਸਾਹਿਬਜ਼ਾਦਿਆਂ ਦੀ ਯਾਦ 'ਵੀਰ ਬਾਲ ਦਿਵਸ' ਵਜੋਂ ਨਹੀਂ ਬਲਕਿ 'ਬਾਬਿਆਂ ਦੇ ਸ਼ਹੀਦੀ ਦਿਹਾੜੇ' ਜਾਂ 'ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ' ਜਾਂ 'ਸਫ਼ਰ-ਏ-ਸ਼ਹਾਦਤ' ਜਾਂ 'ਸ਼ਹੀਦੀ ਹਫ਼ਤੇ' ਵਜੋਂ ਹੀ ਮਨਾਈ ਜਾਵੇ।

ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਨੂੰ ਜਿਸ ਤਰ੍ਹਾਂ ਭਾਰਤੀ ਸੰਸਕ੍ਰਿਤੀ, ਅਖੌਤੀ ਰਾਸ਼ਟਰਵਾਦ ਤੇ ਦੇਸ਼ ਭਗਤੀ ਨਾਲ਼ ਜੋੜਿਆ ਜਾ ਰਿਹਾ ਹੈ ਤੇ ਭਾਰਤੀ ਗੌਰਵ ਦੇ ਖਾਤੇ ਪਾਇਆ ਜਾ ਰਿਹਾ ਹੈ, ਇਸ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ। ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਧਰਮ ਲਈ, ਕੌਮ ਲਈ, ਪੰਥ ਲਈ, ਸਰਬੱਤ ਦੇ ਭਲੇ ਲਈ, ਮਨੁੱਖਤਾ ਦੀ ਰਾਖੀ ਲਈ ਅਤੇ ਜੋ ਗੁਰੂ ਨਾਨਕ ਪਾਤਸ਼ਾਹ ਨੇ ਤੀਸਰ ਪੰਥ (ਨਿਰਮਲ ਪੰਥ) ਚਲਾਇਆ ਉਸ ਖ਼ਾਲਸਾ ਪੰਥ ਦੀ ਅੱਡਰੀ, ਨਿਆਰੀ, ਵਿਲੱਖਣ ਹੋਂਦ-ਹਸਤੀ ਤੇ ਖ਼ਾਲਸਾ ਰਾਜ ਦੀ ਸਿਰਜਣਾ ਲਈ ਹੋਈਆਂ ਸਨ।

ਜਿਸ ਸਮੇਂ ਸੰਨ 1704 ਵਿੱਚ ਇਹ ਸਾਕਾ ਵਾਪਰਿਆ ਉਸ ਸਮੇਂ ਭਾਰਤ ਦਾ ਇੱਕ ਦੇਸ਼ ਵਜੋਂ ਕੋਈ ਵਜੂਦ ਨਹੀਂ ਸੀ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਅੱਜ ਵਾਲ਼ਾ ਭਾਰਤ 600 ਤੋਂ ਵੱਧ ਰਿਆਸਤਾਂ 'ਚ ਵੰਡਿਆ ਹੋਇਆ ਸੀ। ਫਿਰ ਸਾਹਿਬਜ਼ਾਦਿਆਂ ਨੂੰ ਕਿਹੜੇ ਭਾਰਤ ਦੇ ਨਾਗਰਿਕ ਵਜੋਂ ਦਰਸਾਇਆ ਜਾ ਰਿਹਾ ਹੈ ? ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ ਅਖੰਡ ਭਾਰਤ ਕਹਿਣ ਵਾਲ਼ੇ ਕੋਰਾ ਝੂਠ ਬੋਲਦੇ ਹਨ। ਪੰਜਾਬ ਵੀ ਇੱਕ ਵੱਖਰਾ ਮੁਲਕ ਸੀ ਤੇ ਪੰਜਾਬ ਨੂੰ ਅੱਜ ਵੀ ਭਾਰਤ ਤੋਂ ਆਜ਼ਾਦ ਕਰਵਾਉਣ ਲਈ ਸਿੱਖ ਕੌਮ ਸੰਘਰਸ਼ਸ਼ੀਲ ਹੈ।

ਵੀਰ ਬਾਲ ਦਿਵਸ ਨਾਮ ਦੇ ਕੇ ਕੀਤਾ ਗਿਆ ਸੂਖ਼ਮ ਹਮਲਾ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਹਿੰਦੂਤਵੀਆਂ ਨੇ 'ਧਰਮ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ 'ਹਿੰਦ ਦੀ ਚਾਦਰ' ਕਹਿ ਕੇ ਪ੍ਰਚਲਿਤ ਕੀਤਾ। ਸਿੱਖ ਜਰਨੈਲ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ 'ਵੀਰ ਬੰਦਾ ਬੈਰਾਗੀ' ਕਹਿ ਕੇ ਪ੍ਰਚਾਰਿਆ। ਸ਼ਹੀਦ ਭਾਈ ਮਤੀ ਦਾਸ ਜੀ ਨੂੰ 'ਸ੍ਰੀ ਗੁਰੂ ਮਤੀ ਦਾਸ ਸ਼ਰਮਾ' ਲਿਖ ਕੇ ਕਿਤਾਬਾਂ ਵੰਡੀਆਂ। ਭਾਈ ਹਕੀਕਤ ਸਿੰਘ ਨੂੰ 'ਵੀਰ ਹਕੀਕਤ ਰਾਏ' ਸਥਾਪਿਤ ਕਰਨਾ ਚਾਹਿਆ। ਗੁਰੂ ਸਾਹਿਬਾਨਾਂ ਦੀਆਂ ਮਨੋਕਲਪਿਤ ਤਸਵੀਰਾਂ ਉੱਤੇ ਸ਼ਿਵ ਅਤੇ ਰਾਮ ਚੰਦਰ ਨੂੰ ਸ਼ਕਤੀ ਦੇਂਦੇ ਵਿਖਾਇਆ। ਗੁਰੂ ਸਾਹਿਬਾਨਾਂ ਨੂੰ ਗਾਂ ਦੀ ਤਸਵੀਰ 'ਚ ਵਿਖਾ ਕੇ 'ਹਿੰਦੂ ਦੇਵਤਿਆਂ' ਵਜੋਂ ਪੇਸ਼ ਕੀਤਾ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਤਸਵੀਰਾਂ ਸ਼ਿਵਾ ਜੀ ਮਰਹੱਟਾ ਅਤੇ ਰਾਣਾ ਪ੍ਰਤਾਪ ਦੇ ਬਰਾਬਰ ਲਗਾਈਆਂ। ਸਿੱਖ ਇਤਿਹਾਸ ਦੀਆਂ ਇਹਨਾਂ ਸਤਰਾਂ 'ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ' ਦੀ ਜਗ੍ਹਾ ਫ਼ਿਰਕੂ ਹਿੰਦੂਤਵੀ ਲਾਲਾ ਜਗਤ ਨਰਾਇਣ ਨੇ 'ਭਾਰਤ ਵਰਸ਼ ਕੇ ਸ਼ੀਸ਼ ਪਰ ਵਾਰ ਦੀਏ ਸੁਤ ਚਾਰ' ਲਿਖ ਕੇ ਵਿਗਾੜਿਆ।

ਵੀਰ ਬਾਲ ਦਿਵਸ ਨਾਮ ਦਾ ਸਵਾਗਤ ਕਰਨ ਵਾਲ਼ੀਆਂ ਸੰਪਰਦਾਵਾਂ, ਜਥੇਬੰਦੀਆਂ ਤੇ ਆਗੂ ਸਿੱਖ ਕੌਮ ਦੇ ਰਾਹ 'ਚ ਜਾਣੇ-ਅਨਜਾਣੇ ਕੰਢੇ ਬੀਜ ਰਹੇ ਹਨ। ਭਵਿੱਖ 'ਚ ਸਾਡੇ ਲਈ ਇੱਕ ਨਵੀਂ ਮੁਸੀਬਤ ਖੜ੍ਹੀ ਹੋਵੇਗੀ। ਜੇ ਅਕਾਲੀ ਦਲ ਬਾਦਲ ਦਾ ਭਾਜਪਾ ਨਾਲ਼ ਗੱਠਜੋੜ ਕਾਇਮ ਰਹਿੰਦਾ ਤਾਂ ਉਹਨਾਂ ਨੇ ਵੀ ਵੀਰ ਬਾਲ ਦਿਵਸ ਨਾਮ ਦਾ ਜ਼ੋਰ-ਸ਼ੋਰ ਨਾਲ਼ ਸਵਾਗਤ ਕਰਨਾ ਸੀ ਪਰ ਹੁਣ ਅਕਾਲੀ ਦਲ ਦੇ ਆਗੂਆਂ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਲਗਾਤਾਰ ਇਤਰਾਜ ਜਤਾਉਂਦਿਆਂ ਨਾਮ ਬਦਲਣ ਲਈ ਕਿਹਾ ਜਾ ਰਿਹਾ ਹੈ ਤੇ ਦੂਜੇ ਪਾਸੇ ਭਾਜਪਾ ਨਾਲ਼ ਸਾਂਝ ਰੱਖਣ ਵਾਲ਼ੇ ਸਿੱਖ ਅਤੇ ਸੰਸਥਾਂਵਾਂ 'ਵੀਰ ਬਾਲ ਦਿਵਸ' ਮਨਾ ਕੇ ਸਿੱਖ ਕੌਮ ਨੂੰ ਹਿੰਦੂਤਵ ਦੇ ਡੂੰਘੇ ਅਤੇ ਖਾਰੇ ਸਮੁੰਦਰ 'ਚ ਧਕੇਲ ਰਹੀਆਂ ਹਨ।

ਪੰਜਾਬ ਤੋਂ ਬਾਹਰ ਭਾਰਤ ਦੇ ਹੋਰਨਾਂ ਸੂਬਿਆਂ 'ਚ ਹਿੰਦੂਤਵੀਆਂ ਵੱਲੋਂ ਵੀਰ ਬਾਲ ਦਿਵਸ ਮਨਾਉਂਦਿਆਂ ਸਾਹਿਬਜ਼ਾਦਿਆਂ ਦਾ ਸਕੂਲਾਂ-ਕਾਲਜਾਂ ਤੇ ਮੰਦਰਾਂ 'ਚ ਸਵਾਂਗ ਰਚਾ ਕੇ ਅਤੇ ਉਹਨਾਂ ਨੂੰ ਦੇਸ਼ ਭਗਤ ਤੇ ਹਿੰਦੂ ਦਰਸਾ ਕੇ ਜੋ ਅਪਮਾਨ ਕੀਤਾ ਜਾਏਗਾ ਉਸ ਦੇ ਬਹੁਤ ਘਾਤਕ ਸਿੱਟੇ ਨਿਕਲਣਗੇ। ਇਸ ਲਈ ਅਸੀਂ ਸਮੁੱਚੀਆਂ ਪੰਥਕ ਧਿਰਾਂ ਅਤੇ ਗੁਰੂ ਪੰਥ ਨੂੰ ਸਮਰਪਿਤ ਸੰਸਥਾਵਾਂ ਤੇ ਸੰਗਤਾਂ ਨੂੰ ਅਪੀਲ ਕਰਦੇ ਹਾਂ ਕਿ ਭਗਵੇਂ ਬ੍ਰਿਗੇਡ ਦੀ ਚਾਲ ਨੂੰ ਨਕਾਰੋ ਅਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਕੌਮੀ ਨਜ਼ਰੀਏ ਤੋਂ ਹੀ ਮਨਾਓ, ਇਸ ਨੂੰ ਵੀਰ ਬਾਲ ਦਿਵਸ ਵਜੋਂ ਨਾ ਪ੍ਰਚਾਰੋ।



**- ਰਣਜੀਤ ਸਿੰਘ ਦਮਦਮੀ ਟਕਸਾਲ**
**(ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ)**
**ਮੋ : 88722-93883**

# ਕੂੜ-ਪ੍ਰਚਾਰ ਬੇਪਰਦ

ਸਰਕਾਰ ਵੱਲੋਂ ਰਾਜ ਸਭਾ 'ਚ ਦਿੱਤੇ ਗਏ ਬਿਆਨ ਨਾਲ ਸਾਫ ਹੋ ਗਿਆ ਹੈ ਕਿ ਭਾਜਪਾ ਨੇ ਰਾਮਸੇਤੂ ਦੇ ਮੁੱਦੇ ਨੂੰ ਵੇਲੇ ਦੀ ਮਨਮੋਹਨ ਸਿੰਘ ਦੀ ਸਰਕਾਰ ਨੂੰ ਬਦਨਾਮ ਕਰਨ ਤੇ ਸਿਆਸੀ ਲਾਹਾ ਲੈਣ ਲਈ ਲੋਕਾਂ ਦੀਆਂ ਭਾਵਨਾਵਾਂ ਭੜਕਾਉਣ ਲਈ ਵਰਤਿਆ ਸੀ। ਕੇਂਦਰੀ ਰਾਜ ਮੰਤਰੀ ਜਤਿੰਦਰ ਸਿੰਘ ਨੇ 22 ਦਸੰਬਰ ਨੂੰ ਰਾਜ ਸਭਾ ਵਿੱਚ ਇੱਕ ਸਵਾਲ ਦੇ ਜਵਾਬ 'ਚ ਕਿਹਾ—ਸਪੇਸ ਤਕਨੀਕ ਰਾਹੀਂ ਅਸੀਂ ਚੂਨਾ ਪੱਥਰ ਦੇ ਬਣੇ ਨਿੱਕੇ ਟਾਪੂ 'ਤੇ ਕੁਝ ਟੁਕੜੇ ਲੱਭ ਸਕੇ ਹਾਂ। ਹਾਲਾਂਕਿ ਅਸੀਂ ਪੁਖਤਾ ਤੌਰ 'ਤੇ ਇਹ ਨਹੀਂ ਕਹਿ ਸਕਦੇ ਕਿ ਇਹ ਟੁਕੜੇ ਸੇਤੂ (ਪੁਲ) ਦਾ ਹਿੱਸਾ ਰਹੇ ਹੋਣਗੇ ਪਰ ਇਨ੍ਹਾਂ 'ਚ ਕੁਝ ਨਿਰੰਤਰਤਾ ਦਿਸਦੀ ਹੈ। ਯੂ ਪੀ ਏ-1 ਵੇਲੇ ਮਨਮੋਹਨ ਸਰਕਾਰ ਨੇ ਵੀ ਭਾਰਤੀ ਪੁਰਾਤੱਤਵ ਸਰਵੇਖਣ ਵਿਭਾਗ ਦੀ ਰਿਪੋਰਟ ਦੇ ਆਧਾਰ 'ਤੇ ਸੁਪਰੀਮ ਕੋਰਟ 'ਚ ਅਜਿਹਾ ਹੀ ਹਲਫਨਾਮਾ ਦੇ ਕੇ ਕਿਹਾ ਸੀ ਕਿ ਇਹ ਪੁਲ ਕੁਦਰਤੀ ਢਾਂਚਾ ਮਾਤਰ ਹੈ ਅਤੇ ਇਸ ਨੂੰ ਮਨੁੱਖ ਵੱਲੋਂ ਬਣਾਏ ਜਾਣ ਦਾ ਕੋਈ ਸਬੂਤ ਨਹੀਂ ਹੈ।

ਇਸ ਹਲਫਨਾਮੇ ਨੂੰ ਲੈ ਕੇ ਭਾਜਪਾ ਨੇ ਪੂਰੇ ਦੇਸ਼ 'ਚ ਹੰਗਾਮਾ ਕੀਤਾ ਸੀ ਅਤੇ ਕਾਂਗਰਸ ਨੂੰ ਹਿੰਦੂ ਵਿਰੋਧੀ ਸਿੱਧ ਕਰਨ ਦੀ ਮੁਹਿੰਮ ਚਲਾਈ ਸੀ । ਉਸ ਦਾ ਦਾਅਵਾ ਸੀ ਕਿ ਜਿਸ ਨੂੰ ਐਡਮ ਬ੍ਰਿਜ ਕਿਹਾ ਜਾ ਰਿਹਾ ਹੈ ਉਹ ਭਗਵਾਨ ਰਾਮ ਦੀ ਸੈਨਾ ਵੱਲੋਂ ਲੰਕਾ ਜਿੱਤਣ ਵੇਲੇ ਸਮੁੰਦਰ ਪਾਰ ਕਰਨ ਲਈ ਬਣਾਇਆ ਗਿਆ ਪੁਲ ਸੀ । ਦਰਅਸਲ 2005 ਵਿੱਚ ਮਨਮੋਹਨ ਸਰਕਾਰ ਨੇ ਸੇਤੂ ਸਮੁੰਦਰਮ ਪ੍ਰੋਜੈਕਟ ਪਾਸ ਕੀਤਾ ਸੀ, ਜਿਸ ਤਹਿਤ ਮੰਨਾਰ ਦੀ ਖਾੜੀ ਤੇ ਪਾਕ ਜਲਡਮਰੂ ਮੱਧ ਨੂੰ ਜੋੜਿਆ ਜਾਣਾ ਸੀ । ਇਸ ਨਾਲ ਸ੍ਰੀਲੰਕਾ ਦੀ ਪਰਕਰਮਾ ਲਈ 400 ਸਮੁੰਦਰੀ ਮੀਲ ਦਾ ਸਫਰ ਕਰਨ ਵਾਲੇ ਜਹਾਜ਼ਾਂ ਨੂੰ ਨਵਾਂ ਰਾਹ ਮਿਲ ਜਾਣਾ ਸੀ, 36 ਘੰਟੇ ਦਾ ਸਫਰ ਬਚ ਜਾਣਾ ਸੀ ਤੇ ਈਧਨ ਦੀ ਬੱਚਤ ਵੱਖਰੀ ਹੋਣੀ ਸੀ।ਇਸ ਪ੍ਰੋਜੈਕਟ ਨਾਲ ਬੰਗਾਲ ਦੀ ਖਾੜੀ ਤੇ ਅਰਬ ਸਾਗਰ ਵਿਚਾਲੇ ਸਿੱਧੀ ਆਵਾਜਾਈ ਸੰਭਵ ਹੋ ਜਾਣੀ ਸੀ।

ਨੇਵੀ ਦਾ ਨਵਾਂ ਅੱਡਾ ਵੀ ਬਣ ਜਾਣਾ ਸੀ।ਉਂਜ ਇਹ ਪ੍ਰੋਜੈਕਟ ਨਵਾਂ ਸੀ।ਇਸ ਦੀ ਤਜਵੀਜ਼ 1860 'ਚ ਬ੍ਰਿਸ਼ ਕਮਾਂਡਰ ਐਡੀ ਟੇਲਰ ਨੇ ਵੀ ਦਿੱਤੀ ਸੀ।ਪ੍ਰੋਜੈਕਟ ਲਾਗੂ ਹੋ ਜਾਂਦਾ ਤਾਂ ਦੱਖਣੀ ਰਾਜਾਂ ਦਾ ਵਪਾਰ ਕਾਫੀ ਵਧ ਜਾਣਾ ਸੀ । ਭਾਜਪਾ ਨੇ ਇਸ ਵਿਰੁੱਧ ਜ਼ੋਰਦਾਰ ਮੁਹਿੰਮ ਚਲਾ ਦਿੱਤੀ ਤੇ ਇਸ ਦੇ ਆਗੂ ਸੁਬਰਾਮਣੀਅਮ ਸਵਾਮੀ ਸੁਪਰੀਮ ਕੋਰਟ ਚਲੇ ਗਏ ਤੇ ਉਸ ਨੇ 2007 'ਚ ਪ੍ਰੋਜੈਕਟ 'ਤੇ ਰੋਕ ਲਾ ਦਿੱਤੀ।

ਆਰ ਐੱਸ ਐੱਸ ਨੇ ਅਮਰੀਕੀ ਪੁਲਾੜ ਏਜੰਸੀ ਨਾਸਾ ਨੂੰ ਵਰਤਦਿਆਂ ਉਸ ਦੀਆਂ ਕੁਝ ਤਸਵੀਰਾਂ ਇਹ ਕਹਿ ਕੇ ਪ੍ਰਸਾਰਤ ਕਰ ਦਿੱਤੀਆਂ ਕਿ ਮਨੁੱਖ ਵੱਲੋਂ ਬਣਾਇਆ ਗਿਆ ਇਹ ਪੁਲ ਇਕ ਕਰੋੜ 70 ਲੱਖ ਸਾਲ ਪੁਰਾਣਾ ਹੈ ਹਾਲਾਂਕਿ ਨਾਸਾ ਦੇ ਬੁਲਾਰੇ ਮਾਈਕਲ ਬ੍ਰਾਉਕੁਸ ਨੇ ਇਸ ਦਾਅਵੇ ਨੂੰ ਗਲਤ ਦੱਸਿਆ ਪਰ ਭਾਜਪਾ ਆਪਣਾ ਉਦੇਸ਼ ਹਾਸਲ ਕਰਨ 'ਚ ਕਾਮਯਾਬ ਰਹੀ।

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY

THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ
ਤਰਾਂ ਦੀਆਂ ਡੋਮੈਸਟਿਕ
ਅਤੇ ਇਨਪੋਟੀਡ ਕਾਰਾਂ
ਅਤੇ ਵੈਨਾਂ ਦੀ ਰੀਪੇਅਰ
ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

# ਕਸ਼ਮੀਰੀ ਪੰਡਤ ਬਲੀ ਦੇ ਬੱਕਰੇ

ਜਿਉਂ-ਜਿਉਂ 2024 ਦੀਆਂ ਲੋਕ ਸਭਾ ਚੋਣਾਂ ਦੇ ਦਿਨ ਨੇੜੇ ਆ ਰਹੇ ਹਨ, ਭਾਜਪਾ ਆਪਣੇ ਨਫ਼ਰਤੀ ਏਜੰਡੇ ਨੂੰ ਲਾਗੂ ਕਰਨ ਲਈ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਇਸ ਸਮੇਂ ਉਹ ਕਸ਼ਮੀਰ ਬਨਾਮ ਬਾਕੀ ਭਾਰਤ ਦੀ ਨਿਰਦਈ ਖੇਡ ਖੇਡਣ ਵਿੱਚ ਰੁੱਝ ਗਈ ਹੈ। ਹਰ ਕੋਈ ਜਾਣਦਾ ਹੈ ਕਿ ਪਿਛਲੇ ਸਮੇਂ ਤੋਂ ਘਾਟੀ ਵਿੱਚ ਨੌਕਰੀ ਕਰ ਰਹੇ ਕਸ਼ਮੀਰੀ ਪੰਡਤਾਂ ਤੇ ਹੋਰ ਘੱਟ-ਗਿਣਤੀਆਂ ਨੂੰ ਅੱਤਵਾਦੀ ਆਪਣਾ ਨਿਸ਼ਾਨਾ ਬਣਾ ਰਹੇ ਹਨ। ਉਹ ਹਰ ਹਫ਼ਤੇ ਹਿੱਟ ਲਿਸਟ ਯਾਨੀ ਹੱਤਿਆ ਲਈ ਮਿੱਥੇ ਗਏ ਲੋਕਾਂ ਦੀਆਂ ਸੂਚੀਆਂ ਜਾਰੀ ਕਰ ਰਹੇ ਹਨ।

ਸਾਂਬਾ ਜ਼ਿਲ੍ਹੇ ਦੀ ਨਿਵਾਸੀ ਰਜਨੀ ਬਾਲਾ ਨੂੰ ਦੱਖਣੀ ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ਦੇ ਇੱਕ ਸਕੂਲ ਵਿੱਚ ਅੱਤਵਾਦੀਆਂ ਨੇ 31 ਮਈ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਸੀ । ਉਦੋਂ ਤੋਂ ਹੀ ਡੋਗਰੇ ਤੇ ਕਸ਼ਮੀਰੀ ਪੰਡਤ ਕਰਮਚਾਰੀ ਘਾਟੀ ਵਿੱਚ ਮਿਲੀਆਂ ਨੌਕਰੀਆਂ ਛੱਡ ਕੇ ਜੰਮੂ ਪਰਤ ਆਏ ਸਨ। ਉਹ ਆਲ ਜੰਮੂ ਬੇਸਡ ਰਿਜ਼ਰਵਡ ਕੈਟੇਗਰੀ ਇੰਪਲਾਈਜ਼ ਐਸੋਸੀਏਸ਼ਨ ਦੇ ਝੰਡੇ ਹੇਠ ਮੰਗ ਕਰ ਰਹੇ ਹਨ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਜੰਮੂ ਖੇਤਰ ਵਿੱਚ ਸਥਿਤ ਗ੍ਰਹਿ ਜ਼ਿਲ੍ਹਿਆਂ ਵਿੱਚ ਤਬਦੀਲ ਕੀਤਾ ਜਾਵੇ। ਇਸ ਦੌਰਾਨ ਪ੍ਰਧਾਨ ਮੰਤਰੀ ਪੈਕੇਜ ਕਰਮਚਾਰੀ ਆਪਣੇ ਸਾਥੀ ਰਾਹੁਲ ਭੱਟ ਦੀ 12 ਮਈ ਨੂੰ ਅੱਤਵਾਦੀਆਂ ਵੱਲੋਂ ਹੱਤਿਆ ਕੀਤੇ ਜਾਣ ਤੋਂ ਬਾਅਦ ਹੜਤਾਲ ਉੱਤੇ ਹਨ। ਉਨ੍ਹਾਂ ਦੀ ਮੰਗ ਹੈ ਕਿ ਜਿੰਨਾ ਚਿਰ ਘਾਟੀ ਦੀ ਸੁਰੱਖਿਆ ਹਾਲਤ ਨਹੀਂ ਸੁਧਰਦੀ, ਉਨ੍ਹਾਂ ਦਾ ਅਸਥਾਈ ਤੌਰ ਉੱਤੇ ਜੰਮੂ ਖੇਤਰ ਵਿੱਚ ਤਬਾਦਲਾ ਕਰ ਦਿੱਤਾ ਜਾਵੇ।

ਇਨ੍ਹਾਂ ਲੋਕਾਂ ਨੂੰ ਜੇਕਰ ਘਾਟੀ ਵਿੱਚੋਂ ਜੰਮੂ ਖੇਤਰ ਵਿੱਚ ਬਦਲ ਦਿੱਤਾ ਜਾਵੇ ਤਾਂ ਭਾਜਪਾ ਦਾ ਨਿਸ਼ਾਨਾ ਪੂਰਾ ਨਹੀਂ ਹੁੰਦਾ, ਕਿਉਂਕਿ ਘਾਟੀ ਵਿੱਚ ਜਿੰਨੇ ਵੱਧ ਕਸ਼ਮੀਰੀ ਪੰਡਤ ਬਲੀ ਦੇ ਬੱਕਰੇ ਬਣਨਗੇ, ਬਾਕੀ ਦੇਸ਼ ਅੰਦਰ ਓਨਾ ਹੀ ਮੁਸਲਮਾਨਾਂ ਵਿਰੁੱਧ ਹਿੰਦੂ ਭਾਵਨਾਵਾਂ ਨੂੰ ਭੜਕਾਇਆ ਜਾ ਸਕੇਗਾ।

ਪਿਛਲੇ 7 ਮਹੀਨਿਆਂ ਤੋਂ ਆਪਣੀ ਤਬਾਦਲਾ ਨੀਤੀ ਦੀ ਮੰਗ ਨੂੰ ਲੈ ਕੇ ਕਸ਼ਮੀਰ ਘਾਟੀ ਦੇ ਕਰਮਚਾਰੀ ਹੜਤਾਲ ਉੱਤੇ ਹਨ। ਹੁਣ ਉਥੋਂ ਦੇ ਉਪ ਰਾਜਪਾਲ ਮਨੋਜ ਸਿਨਹਾ ਦੇ ਤਾਜ਼ਾ ਬਿਆਨ ਨੇ ਕਸ਼ਮੀਰੀ ਪੰਡਤਾਂ ਵਿੱਚ ਗੁੱਸੇ ਦੀ ਲਹਿਰ ਪੈਦਾ ਕਰ ਦਿੱਤੀ ਹੈ। ਉਪ ਰਾਜਪਾਲ ਨੇ ਕਿਹਾ ਹੈ ਕਿ ਤਬਾਦਲੇ ਲਈ ਪ੍ਰਦਰਸ਼ਨ ਕਰ ਰਹੇ ਸਰਕਾਰੀ ਕਰਮਚਾਰੀਆਂ ਨੂੰ ਕੰਮ ਉੱਤੇ ਨਾ ਆਉਣ ਕਾਰਨ ਤਨਖਾਹ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਸੀਂ ਮੁਲਾਜ਼ਮਾਂ ਦੀ 31 ਅਗਸਤ ਦੀ ਤਨਖਾਹ ਨੂੰ ਮਨਜ਼ੂਰੀ ਦਿੱਤੀ ਹੈ, ਪ੍ਰੰਤੂ ਕੰਮ ਉੱਤੇ ਨਾ ਆਉਣ ਕਾਰਨ ਇਸ ਦੀ ਅਦਾਇਗੀ ਨਹੀਂ ਕੀਤੀ ਜਾਵੇਗੀ ।

ਇਸ ਬਿਆਨ ਦੇ ਵਿਰੋਧ ਵਿੱਚ ਕਰਮਚਾਰੀਆਂ ਨੇ 22 ਦਸੰਬਰ ਨੂੰ ਜੰਮੂ ਵਿੱਚ ਵਿਸ਼ਾਲ ਪ੍ਰਦਰਸ਼ਨ ਕੀਤਾ ਸੀ । ਪ੍ਰਦਰਸ਼ਨਕਾਰੀ ਮੁਲਾਜ਼ਮਾਂ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਤਨਖ਼ਾਹਾਂ ਰੋਕਣ ਦਿਓ, ਜਦੋਂ ਤੱਕ ਸਾਡੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਕੋਈ ਨੌਕਰੀ ਉੱਤੇ ਨਹੀਂ ਜਾਵੇਗਾ। ਤਨਖ਼ਾਹ ਜ਼ਿੰਦਗੀ ਨਾਲੋਂ ਮਹੱਤਵਪੂਰਨ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰ ਸੁਰੱਖਿਆ ਦੀ ਅਣਹੋਂਦ ਵਿੱਚ ਕਰਮਚਾਰੀਆਂ ਨੂੰ ਡਿਊਟੀ ਕਰਨ ਤੇ ਮਾਰੇ ਜਾਣ ਲਈ ਦਬਾਅ ਬਣਾਉਣ ਵਾਸਤੇ ਉਨ੍ਹਾਂ ਦੀਆਂ ਤਨਖ਼ਾਹਾਂ ਰੋਕ ਰਹੀ ਹੈ। 'ਦੀ ਹਿੰਦੂ' ਦੀ ਰਿਪੋਰਟ ਮੁਤਾਬਕ ਇੱਕ ਪ੍ਰਮੁੱਖ ਕਸ਼ਮੀਰੀ ਪੰਡਤ ਆਗੂ ਅਗਨੀ ਸ਼ੇਖਰ ਨੇ ਦੋਸ਼ ਲਾਇਆ ਹੈ ਕਿ ਜੰਮੂ-ਕਸ਼ਮੀਰ ਪ੍ਰਸ਼ਾਸਨ ਪੰਡਤਾਂ ਨੂੰ ਬਲੀ ਦੇ ਬੱਕਰੇ ਬਣਾ ਰਿਹਾ ਹੈ। ਪੰਡਤਾਂ ਦਾ ਕਸ਼ਮੀਰ ਘਾਟੀ ਛੱਡਣਾ ਸੁਰੱਖਿਆ ਦੀ ਨਾਕਾਮੀ ਹੈ। ਯਾਦ ਰਹੇ ਕਿ 5 ਦਸੰਬਰ ਨੂੰ ਅੱਤਵਾਦੀ ਜਥੇਬੰਦੀ ਲਸ਼ਕਰੇ-ਤਈਬਾ ਨੇ ਪ੍ਰਧਾਨ ਮੰਤਰੀ ਪੁਨਰਵਾਸ ਪੈਕੇਜ ਤਹਿਤ ਕੰਮ ਕਰ ਰਹੇ 56 ਕਸ਼ਮੀਰੀ ਪੰਡਤਾਂ ਦੇ ਨਾਵਾਂ ਦੀ ਹਿੱਟ ਲਿਸਟ ਜਾਰੀ ਕਰਕੇ ਧਮਕੀ ਦਿੱਤੀ ਸੀ ਕਿ ਉਹ ਉਨ੍ਹਾਂ ਦੀਆਂ ਕਾਲੋਨੀਆਂ ਨੂੰ ਕਬਰਸਤਾਨ ਵਿੱਚ ਬਦਲ ਦੇਣਗੇ।

-ਚੰਦ ਫਤਿਹਪੁਰੀ


T&S Transportation

Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ। ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333






ਭੁਪਿੰਦਰ ਸਿੰਘ ਗਿੱਲ:604-897-5750



# ਕਲੀਨਅੱਪ ਵਰਕਰਾਂ ਦੀ ਲੋੜ

Seneca ਕੰਪਨੀ ਵੱਲੋਂ ਡੈਲਟਾ ਵਿਚ ਕੈਸੀਨੋ ਲਈ ਫੁੱਲ ਟਾਈਮ ਅਤੇ ਪਾਰਟ ਟਾਈਮ ਕਲੀਨਅੱਪ ਵਰਕਰਾਂ ਦੀ ਲੋੜ ਹੈ। ਕੈਸੀਨੋ 24 ਘੰਟੇ ਖੁੱਲ੍ਹਾ ਰਹਿੰਦਾ ਹੈ ਅਤੇ ਸਵੇਰੇ, ਦੁਪਹਿਰ ਅਤੇ ਰਾਤ ਦੀਆਂ ਸ਼ਿਫਟਾਂ ਉਪਲਬਧ ਹਨ। ਵਧੀਆ ਅਤੇ ਸਪੱਸ਼ਟ ਗੱਲਬਾਤ ਅਤੇ ਬਿਹਤਰੀਨ ਕਸਟਮਰ ਕੇਅਰ ਦੇ ਸਕਣ ਵਾਲੇ ਹੀ ਅਪਲਾਈ ਕਰਨ। ਤਨਖਾਹ ਵਧੀਆ ਅਤੇ ਤਜਰਬੇ ਦੇ ਆਧਾਰ ਤੇ। ਕੰਪਨੀ ਵੱਲੋਂ ਫੁੱਲ ਟਾਈਮ ਵਰਕਰਾਂ ਲਈ ਹੈਲਥ ਬੈਨੇਫਿਟਸ ਵੀ ਦਿੱਤੇ ਜਾਣਗੇ।

# Cleanup Workers Needed

Seneca is offering part time and full time positions for cleaning at a casino in Delta. The facility is open 24/7 and we have morning, afternoon and night shifts available. Candidates must have previous janitorial experience, communication skills, and customer service skills. Good Wages. Seneca also will provide extended health coverage for full time employees.

ਗੁਰਦੀਪ ਪਰਮਾਰ:604-720-2331

ਪਰਮਜੀਤ ਪਰਮਾਰ:604-889-1738

# ਅੰਗਰੇਜ਼ੀ ਹਕੂਮਤ ਦੀ ਜੜ੍ਹਾਂ ਹਿਲਾਉਣ ਵਾਲਾ ਪੰਜਾਬ ਦਾ ਸ਼ੇਰ ਸ਼ਹੀਦ ਊਧਮ ਸਿੰਘ

ਸ਼ਹੀਦ ਸਰਦਾਰ ਊਧਮ ਸਿੰਘ ਦੇਸ਼ ਦਾ ਉਹ ਸੂਰਮਾ ਸੀ ਜਿਸ ਨੇ ਗੋਰਿਆਂ ਦੇ ਘਰ ਵਿਚ ਵੜ੍ਹ ਕੇ ਅੰਗਰੇਜ਼ੀ ਹਕੂਮਤ ਨੂੰ ਹਿਲਾ ਕੇ ਰੱਖ ਦਿੱਤਾ ਸੀ। ਭਾਰਤ ਦੇ ਮਹਾਨ ਸ਼ਹੀਦ ਸਰਦਾਰ ਊਧਮ ਸਿੰਘ ਦਾ ਜਨਮ 26 ਦਸੰਬਰ 1899 ਈਸਵੀ ਨੂੰ ਸੁਨਾਮ ਵਿਖੇ ਹੋਇਆ ਸੀ। ਜੀਵਨ ਦੇ ਮੁੱਢਲੇ ਸਾਲਾਂ ਦੌਰਾਨ ਊਧਮ ਸਿੰਘ ਨੂੰ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਉਹਨਾਂ ਦੇ ਮਾਤਾ 1901, ਪਿਤਾ 1907 ਅਤੇ ਭਰਾ 1913 ਈਸਵੀ ਵਿਚ ਅਕਾਲ ਚਲਾਣਾ ਕਰ ਗਏ। ਊਧਮ ਸਿੰਘ ਨੇ 1917 ਈਸਵੀ ਵਿਚ ਦਸਵੀਂ ਦੀ ਪ੍ਰੀਖਿਆ ਪਾਸ ਕੀਤੀ।



1917 ਤੋਂ 1919 ਈਸਵੀ ਤੱਕ ਪਹਿਲਾਂ ਕੁਝ ਸਮਾਂ ਊਧਮ ਸਿੰਘ ਸੁਨਾਮ ਵਿਖੇ, ਫਿਰ ਮੈਸੋਪਟਾਮੀਆ ਅਤੇ ਪਹਿਲੇ ਵਿਸ਼ਵ ਯੁੱਧ ਦੌਰਾਨ ਕੁਝ ਸਮਾਂ ਪੰਜਾਬ ਵਿਚ ਆ ਕੇ ਰਹਿਣ ਉਪਰੰਤ 1919 ਈਸਵੀ ਵਿਚ ਯੂਗਾਂਡਾ ਜੋ ਕਿ ਈਸਟ ਅਫ਼ਰੀਕਾ ਵਿਚ ਬ੍ਰਿਟਿਸ਼ ਰਾਜ ਅਧੀਨ ਸੀ ਵਿਖੇ ਰੇਲਵੇ ਵਰਕਸ਼ਾਪ ਵਿਚ ਕੰਮ ਕਰਨ ਲਈ ਗਿਆ। ਰੋਲਟ ਐਕਟ ਅਧੀਨ ਭਾਰਤੀ ਰਾਸ਼ਟਰੀ ਕਾਂਗਰਸ ਦੇ ਅੰਮਿਤਸਰ ਵਿਖੇ ਨੇਤਾਵਾਂ ਸ਼ੈਫਊਦਦੀਨ ਕਿਚਲੂ ਅਤੇ ਸੱਤਿਆਪਾਲ ਨੂੰ 10 ਅਪਰੈਲ 1919 ਈਸਵੀ ਨੂੰ ਬਰਤਾਨਵੀ ਸਰਕਾਰ ਦੁਆਰਾ ਗ੍ਰਿਫ਼ਤਾਰ ਕਰ ਲਿਆ ਗਿਆ। ਵਿਸਾਖੀ ਵਾਲੇ ਦਿਨ ਜਲਿਆਂ ਵਾਲੇ ਬਾਗ਼ ਵਿਖੇ 13 ਅਪਰੈਲ 1919 ਈਸਵੀ ਨੂੰ ਉਪਰੋਕਤ ਨੇਤਾਵਾਂ ਦੀਆਂ ਗ੍ਰਿਫ਼ਤਾਰੀਆਂ ਵਿਰੁੱਧ ਲੋਕ ਸ਼ਾਤਮਈ ਰੂਪ ਵਿਚ ਮੁਜ਼ਾਹਰਾ ਕਰ ਰਹੇ ਸਨ। ਇਨਸਾਈਕਲੋਪੀਡੀਆ ਆਫ ਸਿੱਖਇਜ਼ਮ ਦੇ ਸੰਪਾਦਕ ਹਰਬੰਸ ਸਿੰਘ ਅਨੁਸਾਰ ਜਲਿਆਂ ਵਾਲਾ ਬਾਗ਼ ਦੀ ਘਟਨਾ ਸਮੇਂ ਊਧਮ ਸਿੰਘ ਉਥੇ ਹਾਜਰ ਸੀ। ਉਹ ਮੁਜ਼ਾਹਰਾਕਾਰੀਆਂ ਨੂੰ ਪਾਣੀ ਪਿਆਉਣ ਦੀ ਸੇਵਾ ਨਿਭਾ ਰਿਹਾ ਸੀ। ਇਸ ਘਟਨਾ ਵਿਚ ਬਰਗੇਡੀਅਰ ਜਨਰਲ ਡਾਇਰ ਦੇ ਹੁਕਮ ਅਨੁਸਾਰ ਬਿਨਾਂ ਕਿਸੇ ਚਿਤਾਵਨੀ ਦਿੱਤੇ ਨਿਹੱਥੇ ਅਤੇ ਸ਼ਾਂਤਮਈ ਲੋਕਾਂ 'ਤੇ ਅੰਗਰੇਜੀ ਸੈਨਾ ਦੁਆਰਾ ਅੰਨੇਵਾਹ ਗੋਲੀਆਂ ਚਲਾਈਆਂ ਗਈਆਂ। ਊਧਮ ਸਿੰਘ ਦੇ ਮਨ ਤੇ ਇਸ ਘਟਨਾ ਦਾ ਡੂੰਘਾ ਪ੍ਰਭਾਵ ਪਿਆ ਸੀ। ਪੰਜਾਬ ਦੇ ਸਾਬਕਾ ਗਵਰਨਰ ਮਾਈਕਲ ਉਡਵਾਇਰ ਦੁਆਰਾ ਜਦੋਂ ਇਸ ਘਟਨਾ ਦੀ ਹਮਾਇਤ ਕੀਤੀ ਗਈ ਤਾਂ ਊਧਮ ਸਿੰਘ ਨੇ ਬਦਲਾ ਲੈਣ ਦਾ ਫ਼ੈਸਲਾ ਕਰ ਲਿਆ ਅਤੇ ਕ੍ਰਾਂਤੀਕਾਰੀ ਗਤੀਵਿਧੀਆਂ ਵਿਚ ਭਾਗ ਲੈਣ ਲੱਗਾ। ਇਸ ਸਮੇਂ ਦੌਰਾਨ ਹੀ ਉਸ ਦਾ ਸੰਪਰਕ ਅਜ਼ਾਦੀ ਘੁਲਾਟੀਆ ਸ਼ੈਫਊਦਦੀਨ ਕਿਚਲੂ, ਬਸੰਤ ਸਿੰਘ, ਅਜੀਤ ਸਿੰਘ, ਮਾਸਟਰ ਸੰਤਾ ਸਿੰਘ ਅਤੇ ਬਾਬਾ ਭਾਗ ਸਿੰਘ ਆਦਿ ਨਾਲ ਸਥਾਪਤ ਹੋਇਆ। ਊਧਮ ਸਿੰਘ ਨੇ 1922 ਵਿਚ ਯੂਗਾਂਡਾ ਤੋਂ ਵਾਪਸ ਆ ਕੇ ਅੰਮ੍ਰਿਤਸਰ ਵਿਖੇ ਇਕ ਦੁਕਾਨਦਾਰ ਵਜੋਂ ਕੰਮ ਕਰਨ ਲੱਗਾ। 1922 ਤੱਕ ਉਸ ਨੇ ਕਰਤਾਰ ਸਿੰਘ ਸਰਾਭਾ, ਗਦਰ ਪਾਰਟੀ, ਬੱਬਰ ਅਕਾਲੀ ਲਹਿਰ ਅਤੇ ਸ਼ਹੀਦ ਭਗਤ ਸਿੰਘ ਆਦਿ ਅਜ਼ਾਦੀ ਸੰਗਰਾਮੀਆਂ ਅਤੇ ਸੰਸਥਾਵਾਂ ਨਾਲ ਸੰਪਰਕ ਸਥਾਪਤ ਕੀਤਾ। ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਦਾ ਉਸ ਦੇ ਮਨ ਤੇ ਵਿਸ਼ੇਸ਼ ਪ੍ਰਭਾਵ ਪਿਆ ਸੀ। ਇੰਨਕਲਾਬੀ ਗਤੀਵਿਧੀਆਂ ਵਿਚ ਭਾਗ ਲੈਣ ਲਈ ਊਧਮ ਸਿੰਘ 1927 ਈਸਵੀ ਵਿਚ ਵਾਪਸ ਭਾਰਤ ਆ ਕੇ ਹਥਿਆਰ ਇੱਕਠੇ ਕਰਨ ਲੱਗਾ ਸੀ। 1933-34 ਵਿਚ ਊਧਮ ਸਿੰਘ ਨੇ ਲੰਡਨ ਵਿਖੇ ਪਹੁੰਚ ਕੀਤੀ।

ਇੰਗਲੈਂਡ ਵਿਚ ਰਹਿਣ ਸਮੇਂ ਊਧਮ ਸਿੰਘ ਦੁਆਰਾ ਜੀਵਨ ਨਿਰਵਾਹ ਲਈ ਕਈ ਕੰਮ ਕੀਤੇ ਗਏ ਉਹ ਆਮ ਤੌਰ ਤੇ ਅੰਗਰੇਜ਼ੀ ਜਾਂ ਯੂਰਪੀ ਲੋਕਾਂ ਦੇ ਘਰਾਂ ਵਿਚ ਤੇ ਕਿਰਾਏ ਰਹਿੰਦਾ ਸੀ। ਯਾਤਰਾਵਾਂ ਅਤੇ ਕਿਰਾਏ ਤੇ ਰਹਿਣ ਸਮੇਂ ਊਧਮ ਸਿੰਘ ਵੱਖ-ਵੱਖ ਨਾਵਾਂ ਊਦੇ ਸਿੰਘ, ਊਧਮ ਸਿੰਘ, ਫਰੈਂਕ ਬਰਾਜ਼ੀਲ, ਯੂ.ਐਸ. ਸਿੱਧੂ ਅਤੇ ਮੁਹੰਮਦ ਸਿੰਘ ਅਜ਼ਾਦ ਆਦਿ ਅਧੀਨ ਰਿਹਾ ਸੀ। ਬਰਤਾਨਵੀ ਸਾਮਰਾਜ ਵਿਰੁੱਧ ਦੂਸਰਾ ਮਹਾਂਯੁੱਧ ਸ਼ੁਰੂ ਹੋਣ ਨਾਲ ਭਾਰਤ ਅਤੇ ਹੋਰ ਦੇਸ਼ਾਂ ਵਿਚ ਅਜ਼ਾਦੀ ਸੰਗਰਾਮ ਤੇਜ ਹੋ ਗਏ ਸਨ। ਊਧਮ ਸਿੰਘ ਵੀ ਅਜਿਹੇ ਉਚਿਤ ਮੌਕੇ ਦੀ ਤਲਾਸ਼ ਵਿਚ ਸੀ। ਈਸਟ ਇੰਡੀਆ ਐਸੋਸ਼ੀਏਸਨ ਐਂਡ ਸੈਂਟਰਲ ਏਸ਼ੀਅਨ ਸੁਸਾਇਟੀ ਜਿਸ ਦਾ ਅੱਜ ਕੱਲ੍ਹ ਨਾਮ ਰੋਇਲ ਸੁਸਾਇਟੀ ਫਾਰ ਏਸ਼ੀਅਨ ਅਫੈਅਰਜ ਹੈ ਦੁਆਰਾ ਬਰਤਾਨਵੀ ਸਾਮਰਾਜਵਾਦੀ ਨੀਤੀਆਂ ਨੂੰ ਵਿਕਸਤ ਕਰਨ ਹਿਤ 13 ਮਾਰਚ 1940 ਈਸਵੀ ਨੂੰ ਲੰਦਨ ਦੇ ਕੈਕਸਟਨ ਹਾਲ ਵਿਖੇ ਮੀਟਿੰਗ ਆਯੋਜਿਤ ਕੀਤੀ ਗਈ ਸੀ। ਮੀਟਿੰਗ ਖ਼ਤਮ ਹੋਣ ਉਪਰੰਤ ਊਧਮ ਸਿੰਘ ਨੇ ਗੋਲੀ ਚਲਾ ਕੇ ਪੰਜਾਬ ਦੇ ਸਾਬਕਾ ਗਵਰਨਰ ਮਾਈਕਲ ਫਰਾਂਸਿਸ ਉਡਵਾਇਰ ਨੂੰ ਮੌਕੇ ਤੇ ਹੀ ਮਾਰ ਦਿੱਤਾ ਗਿਆ। ਲਾਰਡ ਜੈਟਲੈਂਡ, ਲਾਰਡ ਲਮਿਗਟੇਨ ਅਤੇ ਲੂਈਨ ਡੇਨ ਇਸ ਸਮੇਂ ਜਖ਼ਮੀ ਹੋਏ।

ਗੋਲੀਆਂ ਚਲਾਉਣ ਉਪਰੰਤ ਊਧਮ ਸਿੰਘ ਦੇ ਚਿਹਰੇ ਤੇ ਕੋਈ ਡਰ ਜਾਂ ਸਹਿਮ ਨਹੀਂ ਸੀ, ਨਾਂਹ ਹੀ ਉਸ ਨੇ ਭੱਜਣ ਦਾ ਯਤਨ ਕੀਤਾ ਸੀ। 1 ਅਪਰੈਲ 1940 ਈਸਵੀ ਨੂੰ ਊਧਮ ਸਿੰਘ ਵਿਰੁਧ ਕੇਸ ਦਰਜ ਕੀਤਾ ਗਿਆ। 4 ਜੂਨ 1940 ਨੂੰ ਉਸ ਵਿਰੁੱਧ ਸੈਂਟਰਲ ਕੋਰਟ, ਉਲਡ ਬੇਲੀ ਵਿਖੇ ਮੁਕੱਦਮਾ ਸ਼ੁਰੂ ਹੋਇਆ। 15 ਜੁਲਾਈ 1940 ਨੂੰ ਸ਼ਿਵ ਸਿੰਘ ਜੋਹਲ ਅਤੇ ਹੋਰ ਕੁਝ ਭਾਰਤੀਆਂ ਦੁਆਰਾ ਊਧਮ ਸਿੰਘ ਨੂੰ ਦਿੱਤੀ ਗਈ ਫਾਂਸੀ ਦੀ ਸਜ਼ਾ ਵਿਰੁਧ ਪਾਈ ਪਟੀਸ਼ਨ ਖਾਰਜ ਹੋਈ ਸੀ। 31 ਜੁਲਾਈ 1940 ਨੂੰ ਊਧਮ ਸਿੰਘ ਨੂੰ ਪੈਨਟੋਨਵਿਲੈ ਜੇਲ ਵਿਖੇ ਫਾਂਸੀ ਦਿੱਤੀ ਗਈ।













ੴ

CANRISE IMMIGRATION

## IMMIGRATION CONSULTANT

# CANRISE IMMIGRATION

**SERVICING CLIENTS SINCE 2011**

- WORK PERMIT
- SUPER VISA
- CITIZENSHIP APPLICATION
- EXPRESS ENTRY / NANNY
- BCPNP • LMIA
- FAMILY SPPONSORSHIP
- VISITOR VISA

**CANRISE IMMIGRATION**

iccrc crcic

# 778-565-1717

WWW.CANRISEIMMIGRATION.COM

**8028-128 St. # 223 ,Surrey BC**

LITTLE INDIA PLAZA



**RANJEET SINGH SOHI**

2023 happy new year

ਸਾਰਿਆਂ ਨੂੰ ਨਵਾਂ ਸਾਲ ਮੁਬਾਰਕ

Injured in an accident ?
**ICBC** claim ?

We can help.

RM TRIAL LAWYERS

MANDEEP RANDHAWA LAW CORPORATION

**INJURY LAWYERS**

#205 – 7134 King George Boulevard
Surrey, BC V3W 5A3

T 604 449 7500 | F 604 449 7501
TF 1 888 449 7573 | www.randhawalaw.ca

ੴ

**HAPPY NEW YEAR**






**7050 120 Street, Surrey, British Columbia V3W 3M8, Tel: (604) 598-1300 Fax (604) 594-1669**

# ਇਸ ਹਫਤੇ ਦੇ ਪ੍ਰੋਗਰਾਮ

**ਧੰਨ ਧੰਨ ਸਾਹਿਬ**
**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ**
**ਪ੍ਰਕਾਸ਼ ਪੁਰਬ ਨੂੰ ਸਮਰਪਿਤ**
**ਸਮੂਹ ਸੰਗਤਾਂ ਵੱਲੋਂ**
**ਸ੍ਰੀ ਅਖੰਡ ਪਾਠ ਸਾਹਿਬ ਜੀ**
**ਮੇਨ ਹਾਲ ਵਿਖੇ**
**29 ਦਸੰਬਰ ਤੋਂ**
**31 ਦਸੰਬਰ 2022**
**ਤਕ ਹੋਣਗੇ**
**ਅਰੰਭ ਵੀਰਵਾਰ ਸਵੇਰੇ 6 ਵਜੇ**
**ਭੋਗ ਸ਼ਨਿਵਾਰ ਸਵੇਰੇ 9.00 ਵਜੇ**
**ਉਪਰੰਤ ਸਾਰਾ ਦਿਨ**
**ਵਿਸ਼ੇਸ਼ ਦੀਵਾਨ ਸਜਣਗੇ**

**30 ਦਸੰਬਰ ਦਿਨ ਸ਼ੁੱਕਰਵਾਰ**

*ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸੰਤ ਬਾਬਾ ਹਰਨਾਮ ਸਿੰਘ ਰਾਮਪੁਰ ਖੇੜਾ ਵਾਲਿਆਂ ਦੀ ਯਾਦ ਵਿਚ ਬਾਬਾ ਦਰਬਾਰਾ ਸਿੰਘ ਅਤੇ ਸਮੂਹ ਸੰਗਤ ਵੱਲੋਂ

*ਆਰੰਭ ਸ੍ਰੀ ਆਖੰਡ ਪਾਠ ਸਾਹਿਬ ਸੰਤ ਬਾਬਾ ਅਜੀਤ ਸਿੰਘ ਹੰਸਾਲੀ ਵਾਲਿਆਂ ਦੀ ਯਾਦ ਵਿਚ ਸਮੂਹ ਸੰਗਤ ਵੱਲੋਂ

*ਦਾਹ ਸਸਕਾਰ ਹਰਦਿਆਲ ਸਿੰਘ ਦੁਪਹਿਰ 1 ਵਜੇ ਹੋਵੇਗਾ, ਉਪਰੰਤ 2.30 ਵਜੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ

**ਸ਼ਨਿਚਰਵਾਰ 31 ਦਸੰਬਰ**

*ਸਵੇਰੇ 8 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਬਲਦੇਵ ਸਿੰਘ ਢਿੱਲੋਂ ਪਰਿਵਾਰ ਵੱਲੋਂ

*ਸਵੇਰੇ 11 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਗੁਰਲੀਨ ਕੌਰ ਚਾਹਲ ਜਨਮ ਦਿਨ ਦੀ ਖੁਸ਼ੀ ਵਿਚ

*ਦੁਪਹਿਰ 12 ਵਜੇ ਪਾਠ ਸੁਖਮਨੀ ਸਾਹਿਬ ਕਸ਼ਮੀਰ ਸਿੰਘ ਚੀਮਾ ਅਤੇ ਪਰਿਵਾਰ ਵੱਲੋਂ

*ਦੁਪਹਿਰ 2 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਅਕਿਤਾ ਅਤੇ ਪਰਿਵਾਰ ਵੱਲੋਂ

*ਸਵੇਰੇ 10 ਵਜੇ ਸੁਖਮਨੀ ਸਾਹਿਬ, ਕੀਰਤਨ, ਲੰਗਰ ਸੇਵਾ ਸੁਖਦੀਪ ਕੌਰ ਦੇ ਪਰਿਵਾਰ ਵੱਲੋਂ

*ਸ਼ਾਮ 4 ਵਜੇ ਸੁਖਮਨੀ ਸਾਹਿਬ ਅਤੇ ਕੀਰਤਨ ਸੇਵਾ ਜਗਰੂਪ ਸਿੰਘ ਮਾਹਲ ਅਤੇ ਪ੍ਰਵਾਰ ਵੱਲੋਂ

**ਐਤਵਾਰ 1 ਜਨਵਰੀ 2023**

*ਸਵੇਰੇ 10 ਵਜੇ ਸ੍ਰੀ ਸੁਖਮਨੀ ਸਾਹਿਬ ਤਰਸੇਮ ਸਿੰਘ ਦੇ ਪਰਿਵਾਰ ਵੱਲੋਂ


*ਦੁਪਹਿਰ 12 ਵਜੇ ਸ੍ਰੀ ਸੁਖਮਨੀ ਸਾਹਿਬ ਪਰਮਿੰਦਰ ਸਿੰਘ ਬਰਾੜ ਤੇ ਪਰਿਵਾਰ ਵੱਲੋਂ



ਸ਼ਹੀਦ ਭਾਈ ਅਵਤਾਰ ਸਿੰਘ ਬ੍ਰਹਮਾ

## ਮਹਾਨ ਸ਼ਹੀਦੀ ਸਮਾਗਮ

**ਦਿਨ ਦੇ ਵਿਸ਼ੇਸ ਦੀਵਾਨ**
**ਐਤਵਾਰ**
**1 ਜਨਵਰੀ 2023**



ਸ਼ਹੀਦ ਜਥੇਦਾਰ
ਭਾਈ ਗੁਰਦੇਵ ਸਿੰਘ ਕਾਉਕੇ

**ਧੰਨ ਧੰਨ ਸਾਹਿਬ**
**ਸ੍ਰੀ ਗੁਰੂ ਗੋਬਿੰਦ ਸਿੰਘ ਜੀ**
**ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ**

## ਕਵੀ ਦਰਬਾਰ

**ਐਤਵਾਰ**
**15 ਜਨਵਰੀ 2023**
**1:30 PM – 4.30 PM**

ਸੂਚਨਾ:ਹਰੇਕ ਸੰਗਰਾਂਦ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਅਰਦਾਸ ਕੀਤੀ ਜਾਵੇਗੀ।

ਗੁਰਦੁਆਰਾ ਸਾਹਿਬ ਵੱਲੋਂ ਚੱਲ ਰਹੇ ਗੁਰਮਤਿ ਸਕੂਲ ਵਿਚ ਕਲਾਸਾਂ ਚੱਲ ਰਹੀਆਂ ਹਨ।ਵਧੇਰੇ ਜਾਣਕਾਰੀ ਅਤੇ ਬੱਚਿਆਂ ਨੂੰ ਰਜਿਸਟਰ ਕਰਵਾਉਣ ਲਈ ਦਫਤਰ ਵਿਚ ਸੰਪਰਕ ਕਰੋ ਜੀ

*ਕੀਰਤਨ *ਤਬਲਾ ਤੇ ਤੰਤੀ ਸਾਜ ਕਲਾਸਾਂ *ਸੰਥਿਆ ਕਲਾਸਾਂ
*ਪੰਜਾਬੀ ਕਲਾਸਾਂ *ਗਤਕਾ ਅਤੇ ਦੁਮਾਲਾ ਸਿਖਲਾਈ ਕਲਾਸਾਂ

## ਰਾਗੀ ਜੱਥੇ

ਰਾਗੀ ਜਥਾ ਭਾਈ ਬਲਜਿੰਦਰ ਸਿੰਘ ਜੀ ਬੰਬੇ ਵਾਲੇ,
ਰਾਗੀ ਜਥਾ ਭਾਈ ਜਸਪ੍ਰੀਤ ਸਿੰਘ ਜੀ, ਭਾਈ ਰਣਜੋਧ ਸਿੰਘ ਜੀ
ਭਾਈ ਕੁਲਦੀਪ ਸਿੰਘ ਜੀ ਮੋਗੇ ਵਾਲੇ

## ਕਥਾਵਾਚਕ

ਭਾਈ ਹਰਮਿੱਤਰ ਸਿੰਘ ਜੀ ਦਰਬਾਰ ਸਾਹਿਬ ਵਾਲੇ

## ਢਾਡੀ ਜਥਾ


ਭਾਈ ਬਖਸ਼ੀਸ਼ ਸਿੰਘ ਰਾਣੀਬਲਾ

# DHALIWAL GROUP OF COMPANIES

**FISH PAKORA**






ਅਸੀਂ ਜਿੰਨੇ ਮਰਜੀ ਬੰਦਿਆਂ ਦੀ ਕੇਟਰਿੰਗ ਵੀ ਕਰਦੇ ਹਾਂ

ਅਸੀਂ ਤੁਹਾਡੇ ਘਰ ਤੰਦੂਰ ਲਾ ਕੇ ਕੇਟਰਿੰਗ ਕਰਦੇ ਹਾਂ- ਵੈਜ ਅਤੇ ਨਾਨ ਵੈਜ

**ਇੰਡੀਆ ਵਰਗੇ ਖੋਏ ਦੀ ਸਪੈਸ਼ਲ ਬਰਫੀ**

**ਅਸੀਂ ਹਰ ਤਰ੍ਹਾਂ ਦੇ ਪ੍ਰੋਗਰਾਮਾਂ ਦੀ ਕੇਟਰਿੰਗ ਕਰਦੇ ਹਾਂ**

**604-543-2222**

**Dhaliwal Sweets**
2636 Cedar Park Place
Abbotsford
**604.852.2345**

**Dhaliwal Banquet Hall**
Surrey
604-598-1165

**Dhoom Restaurant**
York Centre Surrey
604-543-2222

**Dhaliwal Sweets**
Surrey
604-596-1312

**Dhaliwal Pizza & Bakery**
#104-7790-128 St. Surrey
(Near 78th Ave.)
**604-598-8889**

**Dhoom Restaurant & Bar Vancouver**
604-325-4911

**Dhaliwal Sweets**
Vancouver
604-325-4911

**Himalaya Dairy**
Surrey
604-543-2421

**www.DhoomRestaurant.com**

---

## MB BRAR & Co.
Accounting & Business Professionals

## INCOME TAX ਇਨਕਮ ਟੈਕਸ

Nil Income Still Eligible For Refunds. E-file For Faster Refunds

**ਸਾਨੂੰ ਵਧੀਆ ਅਤੇ ਭਰੋਸੇਯੋਗ ਸੇਵਾਵਾਂ ਲਈ ਮਿਲੋ:**

For Prompt, Polite And Professional Services, Please See Us

- Personal Tax (T1)
- Sole Proprietor
- Corporate Tax (T2)
- Partnerships
- GST, PST & HST
- WCB
- CRA Reviews
- Business Planning

- ਪਰਸਨਲ ਟੈਕਸ
- ਪ੍ਰੋਪਰਾਇਟਰ
- ਕੋਰਪੋਰੇਟ ਟੈਕਸ
- ਪਾਰਟਨਰਸ਼ਿਪ
- ਜੀ.ਐਸ.ਟੀ., ਪੀ.ਐਸ.ਟੀ. ਅਤੇ ਐਚ.ਐਸ.ਟੀ.
- ਡਬਲਿਊ.ਸੀ.ਬੀ.
- ਸੀ.ਆਰ.ਏ. ਰਿਵੀਉਜ਼
- ਬਿਜਨਿਸ ਪਲੈਨਿੰਗ

All Revenue Canada applications and inquiries.

**Mandeep Brar: 778-908-3317**
mandeep@brarco.ca



## Continental Immigration Solutions
"Helping Make Canada Home"

- Super Visa
- Permanent Residence
- Study Permit
- Work Permit
- Provincial Nominations
- Spousal Sponsorship

- ਸੁਪਰ ਵੀਜ਼ਾ
- ਪਰਮਾਨੈਂਟ ਰੇਜੀਡੈਂਸ
- ਸਟੱਡੀ ਪਰਮਿਟ
- ਵਰਕ ਪਰਮਿਟ
- ਪ੍ਰੋਵਿੰਸ਼ੀਅਲ ਨੌਮੀਨੇਸ਼ਨਜ
- ਪਤੀ/ਪਤਨੀ ਸਪੌਂਸਰਸ਼ਿਪ

**Sukhvir Chand** RCIC, BBA
sukh@cisonline.ca
**778-549-6851**

www.cisonline.ca
Commissioner of Oaths for British Columbia
Member of CAPIC

Unit 101 32883 South Fraser Way Abbotsford British Columbia V2S 2A6 | Tel: 604-852-3201 | Fax: 604-852-3284

ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ

12885-85Ave. Surrey, BC V3W 0K8 Canada






## ਨਵੇਂ ਸਾਲ ਦੇ ਪ੍ਰੋਗਰਾਮ

31 ਦਸੰਬਰ ਦਿਨ ਸ਼ਨਿਚਰਵਾਰ ਨਵੇਂ ਸਾਲ ਦੀ ਆਮਦ ਤੇ ਰਾਤ ਦੇ 12 ਵਜੇ ਤੱਕ ਦੀਵਾਨ ਸਜਣਗੇ।

ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦੇ ਸਬੰਧ ਵਿਚ 3 ਜਨਵਰੀ ਦਿਨ ਮੰਗਲਵਾਰ ਸਵੇਰੇ 6 ਵਜੇ ਆਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 5 ਜਨਵਰੀ ਦਿਨ ਵੀਰਵਾਰ ਸਵੇਰੇ 10 ਵਜੇ ਭੋਗ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ।

## ਅੰਮ੍ਰਿਤ ਸੰਚਾਰ

8 ਜਨਵਰੀ ਦਿਨ ਐਤਵਾਰ ਸਵੇਰੇ 6 ਵਜੇ ਅੰਮ੍ਰਿਤ ਸੰਚਾਰ ਹੋਵੇਗਾ।

ਵਧੇਰੇ ਜਾਣਕਾਰੀ ਲਈ ਫੋਨ ਕਰੋ (ਗੁਰਦੁਆਰਾ ਸਾਹਿਬ):604-594-2574

# ਗੁਰਦਵਾਰਾ ਸੁਖ ਸਾਗਰ ਖਾਲਸਾ ਦੀਵਾਨ ਸੁਸਾਇਟੀ ਨਿਊਵੈਸਟ ਵਿਖੇ ਸ਼ਹੀਦੀ ਦਿਹਾੜੇ ਮਨਾਏ ਗਏ





ਨਿਊਵੈਸਟ:-ਮੌਜੂਦਾ ਸੰਘਰਸ਼ ਦੇ ਸਮੂੰਹ ਸ਼ਹੀਦਾਂ ਦੀ ਯਾਦ ਵਿੱਚ ਗੁਰਦਵਾਰਾ ਖਾਲਸਾ ਦੀਵਾਨ ਸੁਸਾਇਟੀ ਨਿਊ ਵੈਸਟ ਵਿਖੇ 23 ਦਸੰਬਰ ਨੂੰ ਸ੍ਰੀ ਅਖੰਡਪਾਠ ਸਾਹਿਬ ਅਰੰਭ ਹੋਏ ਜਿਨਾ ਦੇ ਭੋਗ 25 ਦਸੰਬਰ ਨੂੰ ਪਾਏ ਗਏ।ਉਪ੍ਰੰਤ ਪੰਥ ਪ੍ਰਸਿੱਧ ਕੀਰਤਨੀ ਜਥੇ ਅਤੇ ਕਥਾ ਵਾਚਕਾ ਨੇ ਸ਼ਹੀਦਾਂ ਬਾਰੇ ਚਾਨਣਾ ਪਾਇਆ।ਬੁਲਾਰਿਆ ਨੇ ਵੀ ਵਡਮੱਲੇ ਵੀਚਾਰ ਰੱਖੇ।ਆਏ ਬੁਲਰਿਆ ਨੂੰ ਗੁਰਦਵਾਰਾ ਕਮੇਟੀ ਵੱਲੋਂ ਸਿਰਪਾਉ ਦੇ ਕੇ ਸਨਮਾਨਿਤ ਕੀਤਾ ਗਿਆ।

## ਅਸਲ ਸੰਘਰਸ਼ ਤੋਂ ਭੱਜ ਰਹੇ ਨੇ ਬਾਦਲਕੇ:ਰਣਜੀਤ ਸਿੰਘ ਦਮਦਮੀ ਟਕਸਾਲ



ਅੰਮ੍ਰਿਤਸਰ:ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼ੁਰੂ ਕੀਤੀ ਦਸਤਖ਼ਤੀ ਮੁਹਿੰਮ ਬਾਰੇ ਗੱਲਬਾਤ ਕਰਦਿਆਂ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਜੇਕਰ ਪੰਜਾਬ ਵਿੱਚ ਬਾਦਲਾਂ ਦਾ ਰਾਜ ਹੁੰਦਾ ਤਾਂ ਬਾਦਲ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਇੱਕ ਕਦਮ ਵੀ ਨਹੀਂ ਸੀ ਪੁੱਟਣਾ, ਉਲਟਾ ਰਿਹਾਈ ਲਈ ਸੰਘਰਸ਼ ਕਰਦੇ ਗੁਰਸਿੱਖਾਂ ਨੂੰ ਆਪਣੇ ਜ਼ੁਲਮ ਤਸ਼ੱਦਦ ਦਾ ਨਿਸ਼ਾਨਾ ਬਣਾਉਣਾ ਸੀ ਤੇ ਇਸ ਸੰਘਰਸ਼ ਦਾ ਬਾਦਲ ਦਲੀਆਂ ਨੇ ਠੋਕਵਾਂ ਵਿਰੋਧ ਕਰਨਾ ਸੀ। ਪਰ ਹੁਣ ਜਦੋਂ ਦੇ ਬਾਦਲਕੇ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿੱਚ ਕਰਾਰੀ ਹਾਰ ਦਾ ਮੂੰਹ ਵੇਖ ਚੁੱਕੇ ਹਨ ਤਾਂ ਉਹ ਸੱਤਾ ਪ੍ਰਾਪਤੀ ਲਈ ਕਈ ਤਰ੍ਹਾਂ ਦੇ ਡਰਾਮੇ ਕਰ ਰਹੇ ਹਨ, ਸਿੱਖਾਂ ਨੂੰ ਭਰਮਾਉਣ ਤੇ ਵਰਗਲਾਉਣ ਦੇ ਯਤਨ ਕਰ ਰਹੇ ਹਨ, ਬਾਦਲਕੇ ਆਪਣੀ ਪੰਥਕ ਸਾਖ਼ ਬਹਾਲ ਕਰਨਾ ਚਾਹੁੰਦੇ ਹਨ ਕਿਉਂਕਿ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣਨ ਦੀ ਭੁੱਖ ਸਤਾ ਰਹੀ ਹੈ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਅਕਾਲੀ ਦਲ ਬਾਦਲ ਅਤੇ ਸ਼੍ਰੋਮਣੀ ਕਮੇਟੀ ਵਾਲੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਸਲ ਠੋਸ, ਤੇਜ ਤਰਾਰ ਤੇ ਭਖਵੇਂ ਸੰਘਰਸ਼ ਤੋਂ ਭੱਜ ਰਹੇ ਹਨ ਤੇ ਸਿਰਫ ਡੰਗ ਟਪਾਊ ਨੀਤੀ ਵਰਤ ਰਹੇ ਹਨ ਤਾਂ ਜੋ ਹਿੰਦ ਹਕੂਮਤ ਵੀ ਨਰਾਜ਼ ਨਾ ਹੋਵੇ ਤੇ ਸਿੱਖ ਵੀ ਖ਼ੁਸ਼ ਰਹਿਣ। ਉਹਨਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸਮੁੱਚੀਆਂ ਪੰਥਕ ਧਿਰਾਂ, ਸੰਪਰਦਾਵਾਂ ਤੇ ਸੰਸਥਾਵਾਂ ਨੂੰ ਨਾਲ ਲੈ ਕੇ ਜੇਲ੍ਹ ਭਰੋ ਅੰਦੋਲਨ ਜਾਂ ਮੋਦੀ ਦੀ ਨੀਂਦ ਹਰਾਮ ਕਰਨ ਵਾਲਾ ਜਬਰਦਸਤ ਮੋਰਚਾ ਸ਼ੁਰੂ ਕਰਨਾ ਚਾਹੀਦਾ ਸੀ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਜਦੋਂ ਕੋਈ ਵੀ ਸੰਸਥਾ ਸੰਘਰਸ਼ ਕਰਦੀ ਹੈ ਤਾਂ ਉਸ ਦਾ ਸਵਾਗਤ ਹੈ, ਬਾਦਲ ਦਲ ਤੇ ਸ਼੍ਰੋਮਣੀ ਕਮੇਟੀ ਵੀ ਗੂੜ੍ਹੀ ਨੀਂਦ ਵਿੱਚੋਂ ਜਾਗੀ ਹੈ, ਦੇਰ ਆਏ ਦਰੁਸਤ ਆਏ ਲੇਕਿਨ ਹੁਣ ਤਾਂ ਹਲਾਤ ਇਹ ਹਨ ਕਿ ਵੇਲ਼ੇ ਦੀ ਨਮਾਜ਼ ਤੇ ਕੁਵੇਲ਼ੇ ਦੀਆਂ ਟੱਕਰਾਂ। ਉਹਨਾਂ ਕਿਹਾ ਕਿ ਜਦੋਂ ਬਾਦਲਾਂ ਦੀ ਦੋ ਤਿੰਨ ਵਾਰ ਸਰਕਾਰ ਰਹੀ ਜੇਕਰ ਬਾਦਲਕੇ ਓਦੋਂ ਬੰਦੀ ਸਿੰਘਾਂ ਦੀ ਰਿਹਾਈ ਦੀ ਗੱਲ ਕਰਦੇ ਤਾਂ ਰਿਹਾਈਆਂ ਹੋ ਵੀ ਜਾਣੀਆਂ ਸਨ ਪਰ ਓਦੋਂ ਬਾਦਲਕਿਆਂ ਨੇ ਭਾਜਪਾ ਨੂੰ ਕਹਿ ਕੇ ਰਿਹਾਈਆਂ ਰੁਕਵਾਈ ਰੱਖੀਆਂ ਤੇ ਹੁਣ ਕਿਹੜੇ ਮੂੰਹ ਨਾਲ ਰਿਹਾਈਆਂ ਦੀ ਗੱਲ ਕਰਦੇ ਹਨ ?

## ਸਾਹਿਬਜਾਦਿਆਂ ਦੇ ਸ਼ਹਾਦਤ ਦਿਹਾੜੇ ਨੂੰ ਬਾਲ ਦਿਵਸ ਰੂਪੀ ਮਨਾਉਣਾ ਪੰਥ ਦੀਆਂ ਭਾਵਨਾਵਾਂ ਨਾਲ ਖਿਲਵਾੜ: ਨਿਰਪ੍ਰੀਤ ਕੌਰ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):ਦਿੱਲੀ ਅੰਦਰ ਨਵੰਬਰ 1984 ਵਿਚ ਹੋਏ ਸਿੱਖ ਕਤਲੇਆਮ ਵਿਚ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਗੁਆ ਚੁੱਕੀ ਅਤੇ ਸੱਜਣ ਕੁਮਾਰ ਖਿਲਾਫ ਮੁੱਖ ਗਵਾਹ ਬੀਬੀ ਨਿਰਪ੍ਰੀਤ ਕੌਰ ਨੇ ਸਾਹਿਬਜਾਦਿਆਂ ਦੇ ਸ਼ਹਾਦਤ ਦਿਹਾੜੇ ਨੂੰ ਬਾਲ ਦਿਵਸ ਰੂਪੀ ਮਨਾਉਣਾ ਪੰਥ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਾਰ ਦੇਂਦਿਆਂ ਅਖੌਤੀ ਸਿੱਖ ਨੇਤਾਵਾਂ ਤੇ ਨਿਸ਼ਾਨਾ ਵਿੰਗੀਆਂ ਹੈ।ਉਨ੍ਹਾਂ ਕਿਹਾ ਕਿ ਆਪਣੇ ਨਿਜੀ ਕੰਮਾਂ ਲਈ ਸਿੱਖ ਨੇਤਾ ਸਰਕਾਰਾਂ ਨੂੰ ਖੁਸ਼ ਕਰਕੇ ਸਿੱਖ ਕੌਮ ਦੇ ਇਤਿਹਾਸ ਨੂੰ ਵਿਗਾੜਨ ਤੇ ਲੱਗੇ ਹੋਏ ਹਨ।ਉਨ੍ਹਾਂ ਦਸਿਆ ਕਿ ਜਦੋ ਅਕਾਲ ਤਖਤ ਸਾਹਿਬ ਤੋਂ ਆਦੇਸ਼ ਜਾਰੀ ਹੋਇਆ ਸੀ ਕਿ ਸਾਹਿਬਜਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਵੀਰ ਬਾਲ ਦਿਵਸ ਨਹੀਂ ਸ਼ਹਾਦਤ ਛੋਟੇ ਸਾਹਿਬਜਾਦੇ ਦਿਵਸ ਮਨਾਉਣਾ ਚਾਹੀਦਾ ਹੈ, ਸਿੱਖ ਨੇਤਾਵਾਂ ਨੇ ਕਿਉਂ ਨਹੀਂ ਤਖਤ ਸਾਹਿਬ ਦਾ ਆਦੇਸ਼ ਮੰਨ ਕੇ ਸਰਕਾਰ ਉਪਰ ਨਾਮ ਬਦਲੀ ਕਰਣ ਦਾ ਦਬਾਅ ਬਣਾਇਆ। ਜ਼ੇਕਰ ਇਹ ਲੋਕ ਚਾਹੁੰਦੇ ਤਾਂ ਨਾਮ ਬਦਲਿਆ ਜਾ ਸਕਦਾ ਸੀ ਪਰ ਇਨ੍ਹਾਂ ਨੇ ਬਹੁਗਿਣਤੀ ਦੇ ਹਕ ਵਿੱਚ ਭੁਗਤਦਿਆਂ ਪੰਥਕ ਇਤਿਹਾਸ ਨੂੰ ਬਦਲਣ ਦਾ ਰਾਹ ਖੋਲ ਕੇ ਬਜਰ ਗੁਨਾਹ ਕੀਤਾ ਹੈ ਜਿਸ ਲਈ ਸਿੱਖ ਪੰਥ ਇਨ੍ਹਾਂ ਨੂੰ ਕਦੇ ਮੁਆਫ ਨਹੀਂ ਕਰੇਗਾ।ਅੰਤ ਵਿਚ ਉਨ੍ਹਾਂ ਨੇ ਜੱਥੇਦਾਰ ਅਕਾਲ ਤਖਤ ਸਾਹਿਬ ਨੂੰ ਪੁੱਛਿਆ ਕਿ ਇਨ੍ਹਾਂ ਕੋਲੋਂ ਸਖ਼ਤ ਤਰੀਕੇ ਨਾਲ ਸਪਸ਼ਟੀਕਰਨ ਲਿਆ ਜਾਏਗਾ ਜਾਂ ਇਸ ਮਸਲੇ ਨੂੰ ਵੀਂ ਪਿਛਲੀਆਂ ਗਲਤੀਆਂ ਵਾਂਗ ਅੱਖੋਂ ਪਰੋਖੇ ਕਰਕੇ ਕੌਮ ਦੇ ਇਤਿਹਾਸ ਨੂੰ ਬਦਲਣ ਦਾ ਰਾਹ ਖੋਲਣ ਦਾ ਇਨ੍ਹਾਂ ਖਿਲਾਫ ਕਾਰਵਾਈ ਕਰਣ ਦੀ ਥਾਂ ਹਮਾਇਤ ਕਰੋਗੇ ।

## ਡੀ.ਆਈ.ਜੀ.ਨੇ ਪੁੱਛਿਆ ਬੰਦੂਕ ਵਿਚ ਗੋਲੀ ਕਿੱਥੋਂ ਪੈਂਦੀ ਹੈ ਤਾਂ ਥਾਣੇਦਾਰ ਨੇ ਨਲੀ ਵਿਚ ਪਾ ਕੇ ਦੱਬ ਦਿੱਤਾ ਘੋੜਾ...




ਲਖਨਊ:-ਉਤਰ ਪ੍ਰਦੇਸ਼ ਪੁਲਿਸ ਹਮੇਸ਼ਾਂ ਚਰਚਾ ਵਿਚ ਰਹਿੰਦੀ ਹੈ। ਹੁਣ ਫਿਰ ਸੋਸ਼ਲ ਮੀਡੀਆ ਉਤੇ ਇਕ ਵੀਡੀਓ ਵਾਇਰਲ ਹੋ ਰਿਹਾ ਹੈ। ਜਿਸ ਵਿਚ ਇਸ ਐਸਆਈ ਨੂੰ ਬੰਦੂਕ ਵਿਚ ਗੋਲੀ ਕਿਥੋਂ ਪੈਂਦੀ ਹੈ, ਉਸ ਬਾਰੇ ਹੀ ਪਤਾ ਨਹੀਂ।ਉਸ ਦਾ ਅਫਸਰ ਗੋਲੀ ਪਾਉਣ ਲਈ ਕਹਿੰਦਾ ਹੈ ਤਾਂ ਉਹ ਬੰਦੂਕ ਦੀ ਨਾਲੀ ਵਿਚ ਗੋਲੀ ਪਾ ਦਿੰਦਾ ਹੈ ਤੇ ਚਲਾਉਣ ਦੀ ਕੋਸ਼ਿਸ਼ ਕਰਦਾ ਹੈ।ਦਰਅਸਲ ਡੀਆਈਜੀ ਅਚਾਨਕ ਥਾਣੇ ਵਿਚ ਜਾਂਚ ਕਰਨ ਪਹੁੰਚ ਗਏ ਸਨ। ਇਸ ਦੌਰਾਨ ਮੁਲਾਜ਼ਮਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਜਦੋਂ ਡੀਆਈਜੀ ਨੇ ਮੁਲਾਜ਼ਮਾਂ ਨੂੰ ਬੰਦੂਕ ਚਲਾਉਣ ਬਾਰੇ ਪੁੱਛਿਆ ਤਾਂ ਕਿਸੇ ਨੂੰ ਪਤਾ ਹੀ ਨਹੀਂ ਸੀ ਕਿ ਇਹ ਕਿਵੇਂ ਚਲਦੀ ਹੈ।


ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ
ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)
ਨੂੰ ਫੋਨ ਕਰੋ:604-518-3637
ਜਾਂ ਈਮੇਲ ਕਰੋ hssandhupcs@gmail.com



FOR ALL YOUR DENTAL NEEDS
In Cloverdale & South Surrey



Dr. Inderpreet Sandhu
BDS, DDS

CLOVERDALE VILLAGE
DENTAL

Services Provided

- Dental Exams/X-rays
- Dental Fillings
- Extractions/Oral Surgery
- Teeth Whitening
- Cleaning & Polishing
- Crowns & Bridges
- Dentures & Mouth Guards
- Root Canal Treatment

A House of Family Dentistry
5635 - 176A Street, Surrey, BC
(across the street from Cloverdale Library)
Cloverdalevillagedental@gmail.com
604-579-0102

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਮ ਖੁੱਲ੍ਹਾ ਪੱਤਰ

## ਵਿਸ਼ਾ:ਬੀ.ਜੇ.ਪੀ. ਦੀ ਮੋਦੀ ਸਰਕਾਰ ਵੱਲੋਂ ਬਾਬਾ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਬਾਬਾ ਸਾਹਿਬਜ਼ਾਦਾ ਫਤਿਹ ਸਿੰਘ ਜੀ ਦਾ ਕਥਿਤ 'ਵੀਰ ਬਾਲ ਦਿਵਸ' ਦਾ ਖੰਡਨ ਅਤੇ ਸਿੱਖ ਧਰਮ ਵਿਚ ਦਖਲ ਨੂੰ ਰੋਕੋ

-ਡਾ. ਗੁਰਨਾਮ ਸਿੰਘ ਸੰਘੇੜਾ

''ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ।।'' (ਸ.ਗ.ਗ.ਸ. : ਪੰਨਾ - 973) ਗੁਰੂ ਨਾਨਕ ਜੀ ਦਾ ਆਗਮਨ ਤਾਂ ਦੁਨੀਆਂ ਦੇ ਗਰੀਬਾਂ, ਦੱਬੇ-ਕੁਚਲਿਆਂ, ਨਿਆਸਾਰਿਆਂ, ਬੇਦਿਲਿਆਂ ਤੇ ਜ਼ੁਲਮ ਦੇ ਸ਼ਿਕਾਰ ਲੋਕਾਂ ਲਈ ਸਦੀਵੀ ਸਹਾਰਾ, ਜ਼ੋਰਾਵਰਾਂ ਵਿਰੁੱਧ ਇਕ ਢਾਲ ਅਤੇ ਆਮ ਨੀਚਾਂ ਤੋਂ ਨੀਚਾਂ ਲਈ ਕਲਿਆਣਕਾਰੀ ਸ਼ਕਤੀ ਪ੍ਰਗਟ ਹੋਈ ਸੀ। ਪਰ ਕੁਰੱਪਟ ਪੁਜਾਰੀਆਂ, ਕਰਮਕਾਂਡੀਆਂ, ਜੰਤਰਾਂ-ਮੰਤਰਾਂ, ਜਾਦੂ-ਟੂਣਿਆਂ ਵਾਲਿਆਂ, ਜਾਤ-ਪਾਤ ਦੀ ਵੰਡ ਵਾਲਿਆਂ, ਮਨੂੰ ਸਿਮਰਿਤੀ ਦੀ ਊਚ-ਨੀਚ ਤੇ ਔਰਤ ਨੂੰ ਪੈਰਾਂ ਵਿਚ ਰੱਖਣ ਵਾਲਿਆਂ ਤੇ ਕਥਿਤ ਪ੍ਰਮਾਤਮਾ ਵੱਲੋਂ ਇਨਸਾਨੀ ਜੀਵਨ ਵਿਚ ਵਾਰ-ਵਾਰ ਲਿਆਉਣ ਵਾਲਿਆਂ ਨੂੰ ਵੱਡੀ ਵੰਗਾਰ ਤੇ ਰੁਕਾਵਟ ਦੇ ਤੌਰ 'ਤੇ ਜਾਪਿਆ। ਸੋ ਕਥਿਤ ਤੌਰ ਉੱਤੇ ਪ੍ਰਮਾਤਮਾ ਦੇ ਮੂੰਹ ਵਿਚ ਪੈਦਾ ਹੋਏ ਬਿਪਰ ਸੋਚ ਵਾਲੇ ਬ੍ਰਾਹਮਣ ਨੂੰ ਵੱਡਾ ਵਿਰੋਧੀ ਜਾਪਿਆ। ਸੋ ਉਸ ਬਿਪਰ ਨੇ ਜਨੇਊ ਦੇ ਇਨਕਾਰ ਕਰਨ ਦੇ ਸਮੇਂ ਤੋਂ ਹੀ ਗੁਰੂ ਨਾਨਕ ਜੀ ਦੇ ਉੱਚਤਮ ਕਲਿਆਣਕਾਰੀ ਗਿਆਨ ਤੇ ਨਿਰਮਲ ਪੰਥ ਨੂੰ ਸਦੀਵੀ ਤੌਰ 'ਤੇ ਹਿੰਦੂ ਧਰਮ ਵਿਚ ਜਜ਼ਬ ਕਰਨ ਤੇ ਹੜੱਪਣ ਦੀਆਂ ਵਊਂਤਾਂ ਘੜਦੇ ਆਏ ਹਨ। ਹੁਣ ਸਿੱਖ ਪੰਥ ਦੀ ਅਦੁੱਤੀ ਤੇ ਲੋਕ ਹਿਤੂ ਵਿਰਾਸਤ ਨੂੰ ਛੁਟਿਆਉਣ, ਨਕਾਰਨ ਤੇ ਹਿੰਦੂਤਵਾ ਦਾ ਹਿੱਸਾ ਬਣਾਉਣ ਦੀ ਕੋਸ਼ਿਸ਼ ਹੈ। ਸੋ 26 ਦਸੰਬਰ, 2022 ਨੂੰ ਮੋਦੀ ਸਰਕਾਰ ਵੱਲੋਂ ਬਾਬਾ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਬਾਬਾ ਸਾਹਿਬਜ਼ਾਦਾ ਫਤਿਹ ਸਿੰਘ ਜੀ ਦਾ ਕਥਿਤ 'ਵੀਰ ਬਾਲ ਦਿਵਸ' ਮਨਾਉਣ ਤਾਂ ਮੰਤਵ- 1. ਸਿੱਖਾਂ ਨੂੰ ਭੁਚਲਾਉਣਾ, ਪੱਠੇ ਪਾਉਣਾ; ਅਦੁੱਤੀ ਬਾਬਿਆਂ ਨੂੰ ਬਾਲ, ਬੱਚੇ ਬਣਾਉਣ; ਬੇਮਿਸਾਲ ਸ਼ਹੀਦੀਆਂ ਨੂੰ ਸਿਰਫ ਬਹਾਦਰ ਹੀ ਦਰਸਾਉਣ (ਕਿਉਂਕਿ ਹਿੰਦੂਤਵਾ ਵਿਚ ਬਲੀ ਹੈ, ਉਹ ਭੀ ਦੂਜੇ ਦੀ - ਸ਼ਹੀਦੀ ਨਹੀਂ; ਕਾਂਗਰਸ ਦੇ ਨਹਿਰੂ ਨੂੰ ਸਿੱਖਾਂ ਰਾਹੀਂ ਪਛਾੜਨਾ ਅਤੇ ਦੂਜੇ ਦੋ ਸਾਹਿਬਜ਼ਾਦਿਆਂ ਦੀਆਂ ਚਮਕੌਰ ਦੇ ਮੈਦਾਨੇ-ਜੰਗ ਵਿਚ ਅਦੁੱਤੀ ਬੀਰਤਾ ਨਾਲ ਸ਼ਸਤਰ ਚਲਾਉਣ ਵਾਲਿਆਂ ਨੂੰ ਦੋ ਛੋਟੇ ਮਹਾਨ ਬਾਬੇ ਸ਼ਹੀਦਾਂ ਤੋਂ ਵਖਰੇਵਾਂ ਕਰਨਾ ਭੀ) ਹੈ। ਸੋ ਚੌਹਾਂ ਬਾਬਿਆਂ ਸਾਹਿਬਜ਼ਾਦਿਆਂ, ਮਹਾਨ ਅਦੁੱਤੀ ਸ਼ਹੀਦਾਂ ਨੂੰ ਤੇ ਸਿੱਖ ਵਿਰਾਸਤ ਨੂੰ ਛੁਟਿਆਉਣ ਤੇ ਦੋ ਵੱਡਿਆਂ ਤੇ ਦੋ ਛੋਟਿਆਂ ਸਾਹਿਬਜ਼ਾਦਿਆਂ ਸ਼ਹੀਦਾਂ ਨੂੰ ਦੋ ਕੈਟੇਗਰੀਜ਼ ਵਿਚ ਵੰਡਣਾ ਅਤੇ ਬਿੱਪਰ ਢਾਂਚੇ ਬਿਪਰ ਅਨੁਸਾਰੀ ਕਰਨਾ ਖੰਡਨਯੋਗ ਹੈ। ਸਿੱਖ ਭੇਸ ਵਾਲੇ ਮੌਕਾਪ੍ਰਸਤਾਂ ਤੋਂ ਕਹਾਉਣਾ ਹੈ, ਕਿ ਮੋਦੀ ਵਧੀਆ ਹੈ। ਭਾਰਤੀ ਗਰੀਬ, ਕਿਸਾਨ, ਮਜ਼ਦੂਰ, ਆਦੀਵਾਸੀ ਅਤੇ ਘੱਟ ਗਿਣਤੀਆਂ ਬੜੇ ਸੰਕਟ ਤੇ ਚੁਣੌਤੀਆਂ ਵਾਲੇ ਹਾਲਾਤ ਵਿਚ ਦੀ ਲੰਘ ਰਹੇ ਹਨ। ਪਰ ਸਿੱਖ ਘੱਟ ਗਿਣਤੀ ਤਾਂ ਆਪਣੀ ਹੋਂਦ ਦੀ ਕਾਇਮੀ ਲਈ ਬਹੁਤ ਵੱਡੇ ਸੰਕਟ ਵਿਚ ਦੀ ਲੰਘ ਹੀ ਨਹੀਂ ਰਹੀ, ਬਲਕਿ ਅਗਾਂਹ ਨੂੰ ਤਾਂ ਸਿੱਖ ਕਮਿਊਨਿਟੀ, ਕੌਮ ਦੀ ਏਕਤਾ ਅਤੇ ਸਿੱਖ ਨਿਰਮਲ ਪੰਥ ਤੇ ਦੋਹਾਂ ਦੀ ਹੋਂਦ ਤੇ ਇਨ੍ਹਾਂ ਦੀ ਵਿਰਾਸਤ ਅਤੇ ਇਨ੍ਹਾਂ ਦੇ ਮੂਲ ਆਧਾਰ (ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਤੇ ਉਸ ਦੇ ਸਰਬ ਉੱਚਤਮ ਗਿਆਨ ਨੂੰ ਭੀ ਹਿੰਦੂਤਵਾ ਵੱਲੋਂ ਆਪਣੇ ਵਿਚ ਜਜ਼ਬ/ਹਜ਼ਮ ਕਰਨ ਦੀਆਂ ਵਿਊਂਤਾਂ ਦੀ ਵੰਗਾਰ ਬੜਾ ਖਤਰਨਾਕ ਰੂਪ ਧਾਰਨ ਕਰ ਰਹੀਆਂ ਹਨ। ਹਿੰਦੂਤਵੀ ਪ੍ਰਚਾਰ ਭਾਰਤੀ ਮੋਦੀ ਸਰਕਾਰ, ਉਸ ਦੇ ਕਾਰਿੰਦਿਆਂ, ਏਜੰਸੀਆਂ ਤੇ ਟਰੌਲਜ਼ ਵੱਲੋਂ ਭੀ ਸਨਾਤਨ ਧਰਮ, ਭਾਰਤ ਹਿੰਦੂ ਦੇਸ਼ ਅਤੇ ਉਨ੍ਹਾਂ ਅਨੁਸਾਰ ਇਥੇ ਤੇ ਇਥੋਂ ਹੀ ਪ੍ਰਾਚੀਨ ਸਨਾਤਨ ਧਰਮ ਆਰੰਭ ਹੋਇਆਂ ਜਦੋਂਕਿ ਵਿਦੇਸ਼ਾਂ ਵਿਚ ਗਿਆ, ਦਾ ਅਡੰਬਰ ਰਚਿਆ ਜਾ ਰਿਹਾ ਹੈ। ਹਿੰਦੂਤਵੀਆਂ, ਅਜੋਕੀ ਆਰ.ਐੱਸ.ਐੱਸ. ਤੇ ਸੰਘ ਪਰਿਵਾਰ ਦੀ ਵਿਚਾਰਧਾਰਾ/ਬਿੱਪਰ (ਜੋ ਕਥਿਤ ਤੌਰ 'ਤੇ ਪ੍ਰਮਾਤਮਾ ਦੇ ਮੂੰਹ ਵਿਚੋਂ ਪੈਦਾ ਹੋਈ ਬ੍ਰਾਹਮਣ ਜਾਤ ਦੇ ਇਕ ਸੈਕਸ਼ਨ ਦੀ ਬਿੱਪਰ ਵਿਚਾਰਧਾਰਾ) ਨੂੰ ਗੁਰੂ ਨਾਨਕ ਸਾਹਿਬ ਵੱਲੋਂ ਜਨੇਊ ਨਾ ਪਹਿਨਣ ਤੇ ਬੜਾ ਕਸ਼ਟ ਤੇ ਮਾਨਸਿਕ ਪ੍ਰੇਸ਼ਾਨੀ ਹੋਈ ਸੀ। ਉਸ ਮਹਾਨ ਘਟਨਾ ਨੂੰ ਬੜੀ ਗੰਭੀਰਤਾ ਨਾਲ ਲਿਆ ਗਿਆ ਤੇ ਬਿੱਪਰ ਨੇ ਉਸ ਸਮੇਂ ਤੋਂ ਹੀ ਨਿਸ਼ਚਾ ਕਰ ਲਿਆ ਸੀ ਕਿ ਇਸ ਨਵੀਂ ਨਿਵੇਕਲੀ ਤੇ ਵੱਖਰੀ ਪ੍ਰਗਟੀ ਵਿਚਾਰਧਾਰਾ ਤੇ ਮਹਾਨ ਗਿਆਨ ਦੀ ਪੂਰਨ ਇਨਕਲਾਬੀ ਪ੍ਰੀਵਰਤਨ ਲਿਆਉਣ ਵਾਲੀ ਅਦੁੱਤੀ ਵਿਚਾਰਧਾਰਾ ਤੇ ਸ਼ਕਤੀ ਨੂੰ ਖੋਰਾ ਲਾਉਣ ਤੇ ਫਿਰ ਆਪਣੇ ਕਥਿਤ ਹਿੰਦੂ ਧਰਮ ਵਿਚ ਸਮੋਣਾ ਹੈ। ਉਸ ਸਮੇਂ ਤੋਂ ਹੀ ਗੁਰੂ ਨਾਨਕ ਜੀ ਨਾਲ ਕਰਾਮਾਤਾਂ (ਜਿਵੇਂ ਤੇਰਾ ਤੋਲਣ, ਸੱਪ ਦੀ ਛਾਂ, ਗੁਰੂ ਜੀ ਦੀ ਮੱਝਾਂ, ਗਾਵਾਂ ਵੱਲੋਂ ਹਰੀ ਫਸਲ ਖਾਣੀ ਤੇ ਫਿਰ ਉਸ ਕਥਿਤ ਖਾਈ ਜਾ ਚੁੱਕੀ ਫਸਲ ਦਾ ਆਪਣੇ ਆਪ ਹੀ ਇਕਦਮ ਹਰੀ ਭਰੀ ਹੋਣਾ ਆਦਿ) ਦੀਆਂ ਮਨਘੜਤ ਸਾਖੀਆਂ ਜੋੜੀਆਂ ਗਈਆਂ। ਫਿਰ ਭਾਈ ਬਾਲਾ ਤੇ ਉਸ ਨਾਲ ਸਾਖੀਆਂ ਆਦਿ ਭੀ ਗੁਰੂ ਜੀ ਦੇ ਯੁੱਗ ਪਲਟਾਊ ਤੇ ਨਿਆਸਰਿਆਂ, ਦੱਬੇ-ਕੁਚਲਿਆਂ ਤੇ ਹਰ ਕਿਸਮ ਦੇ ਮਜ਼ਦੂਰਾਂ ਦੀ ਭਲਾਈ ਵਾਲੇ ਗਿਆਨ ਨੂੰ ਖੋਰਾ ਲਾਉਣ, ਹਿੰਦੂ ਧਰਮ ਦੀ ਤਰ੍ਹਾਂ ਜੰਤਰ, ਮੰਤਰ, ਜਾਦੂ, ਕਰਾਮਾਤਾਂ ਤੇ ਕਰਮਕਾਂਡ ਨਾਲ ਜੋੜ ਕੇ ਹਿੰਦੂ ਧਰਮ ਦਾ ਹਿੱਸਾ ਬਣਾਉਣ ਦੀਆਂ ਵਿਊਂਤਾਂ ਸਨ। ਗੁਰੂ ਜੀ ਨੇ ਪਹਾੜਾਂ ਤੇ ਅਸਮਾਨਾਂ ਜਾਂ ਪਾਤਾਲਾਂ ਵਿਚ ਰਹਿੰਦਾ ਤੇ ਵਾਰ-ਵਾਰ ਮਨੁੱਖਾ ਜਨਮ ਲੈਂਦਾ ਹਿੰਦੂ ਪ੍ਰਮਾਤਮਾ ਨੂੰ ਇਸ ਧਰਤੀ ਤੇ ਲੋਕਾਂ ਦੇ ਦਿਲਾਂ ਵਿਚ ਵਸਦਾ ਤੇ ਸ੍ਰਿਸ਼ਟੀ ਦੇ ਕਣ-ਕਣ ਵਿਚ ਰਹਿੰਦਾ, ਅਜਨਮਾ ਤੇ ਅਕਾਲ ਦਰਸਾ ਕੇ, ਇਕ ਨਵਾਂ, ਨਿਵੇਕਲਾ, ਵੱਖਰਾ ਤੇ ਅਦੁੱਤੀ ਨਿਰਮਲ ਪੰਥ ਸਥਾਪਤ ਕਰ ਦਿੱਤਾ - ਜਿਸ ਨੂੰ ਅਗਾਂਹ ਦੇ ਨੌ ਗੁਰੂ ਸਾਹਿਬਾਨ ਨੇ ਵਧਾਇਆ, ਪ੍ਰਸਾਰਿਆ ਅਤੇ ਅੰਤਿਮ ਤੌਰ ਉੱਤੇ ਦਸਵੇਂ ਗੁਰੂ ਜੀ ਨੇ ਖਾਲਸਾ ਸਾਜਨਾ ਰਾਹੀਂ ਟੀ.ਸੀ. ਉੱਤੇ ਪਹੁੰਚਾਇਆ, ਜੋ ਸੰਤ ਸਿਪਾਹੀ ਦੇ ਤੌਰ ਉੱਤੇ ਖਾਲਸਾ ਰੂਪ ਵਿਚ ਪ੍ਰਗਟਾਇਆ। ਪੰਜਵੇਂ ਗੁਰੂ ਜੀ ਨੇ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ ਤੇ ਹੋਰ ਭਗਤਾਂ ਤੇ ਬਾਣੀਕਾਰਾਂ ਦੀ ਪਵਿੱਤਰ ਬਾਣੀ ਦੇ 'ਆਦੀ ਗ੍ਰੰਥ' ਦਾ ਸੰਕਲਨ ਕੀਤਾ। ਛੇਵੇਂ ਗੁਰੂ ਜੀ ਨੇ ਮੀਰੀ ਤੇ ਪੀਰੀ ਰਾਹੀਂ ਰੂਹਾਨੀਅਤ ਤੇ ਦੁਨਿਆਵੀ ਜੀਵਨ ਵਿਚ ਸੁਮੇਲ (ਗੁਰੂ ਨਾਨਕ ਜੀ ਨੇ ਪੰਗਤ, ਸੰਗਤ ਤੇ ਧਰਮਸਾਲ (ਗੁਰਦੁਆਰਾ) ਦੇ ਸਿੱਖੀ ਲਈ ਅਤੇ ਮਹੱਤਵਪੂਰਨ ਅਦਾਰੇ ਅਤੇ ਪੰਜਵੇਂ ਗੁਰੂ ਸਾਹਿਬ ਨੇ 'ਆਦੀ ਗ੍ਰੰਥ' (ਜਿਸ ਨੂੰ 'ਪੋਥੀ' ਆਖਦੇ ਸਨ) ਦੇ ਸੰਕਲਨ ਦੇ ਨਾਲ ਹੀ ਦਰਬਾਰ ਸਾਹਿਬ (ਜਿਸ ਦਾ ਸਰੋਵਰ ਚੌਥੇ ਗੁਰੂ ਜੀ ਨੇ ਬਣਵਾਇਆ) ਦੀ ਉਸਰੀ ਤੇ ਉਸ ਵਿਚ 'ਧੁਰ ਕੀ ਬਾਣੀ' ਦੀ ਪੋਥੀ (''ਪੋਥੀ ਪਰਮੇਸਰ ਕਾ ਥਾਨੁ।। ਸਾਧਸੰਗਿ ਗਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨ।।'' (ਸ.ਗ.ਗ.ਸ. : ਪੰਨਾ - 1226) ਨੂੰ ਉਥੇ ਬਿਰਾਜਮਾਨ ਕੀਤਾ। ਆਖਰ ਗੁਰੂ ਗੋਬਿੰਦ ਸਿੰਘ ਜੀ ਨੇ 'ਪੋਥੀ ਪਰਮੇਸ਼ਰ' ਵਿਚ ਨੌਂਵੇਂ ਗੁਰੂ ਜੀ ਦੇ ਸ਼ਬਦ ਸ਼ਾਮਲ ਕੀਤੇ ਅਤੇ 20 ਅਕਤੂਬਰ, 1708 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿੱਖਾਂ ਦੇ ਜੀਵਤ ਜਾਗਤ ਗੁਰੂ ਦੇ ਤੌਰ 'ਤੇ ਗੁਰਗੱਦੀ ਦਿੱਤੀ। ਪਰ ਇਹ ਸਭ ਸਿੱਖੀ ਦਾ ਵਿਕਾਸ, ਨਿਰਮਲ ਪੰਥ ਦੀ ਸਥਾਪਨਾ, ਸੰਗਤ, ਪੰਗਤ ਤੇ ਗੁਰਦੁਆਰਾ ਅਦਾਰੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ, ਦਰਬਾਰ ਸਾਹਿਬ ਦੀ ਸਥਾਪਤੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਅਤੇ ਖਾਲਸਾ ਸਾਜਨਾ ਤੇ ਹੋਰ ਸੰਬੰਧਤ ਕਾਰਜ ਆਦਿ ਬਿੱਪਰ ਨੂੰ ਅਤੀ ਨਾ-ਪਸੰਦ ਸਨ (ਇਨ੍ਹਾਂ ਸਭ ਬਾਰੇ, ਮੈਂ ਪਿਛਲੇ ਸਾਲ ਕਾਫੀ ਲੇਖ ਲਿਖੇ ਸਨ। ਹੁਣ ਕਾਫੀ ਸਮੇਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰਬ ਪੱਖੀ ਉੱਚਤਮ ਗਿਆਨ ਤੇ ਖਾਲਸਾ ਆਦਿ ਬਾਰੇ) ਬਿੱਪਰ ਵੱਲੋਂ ਕਾਫੀ ਕੁਫਰ ਤੋਲਿਆ ਬੋਲਿਆ ਜਾ ਰਿਹਾ ਹੈ। ਮੋਦੀ ਸਰਕਾਰ ਦੇ ਕਈ ਨੁਮਾਇੰਦਿਆਂ ਤੇ ਕਲਪਿਤ ਕਹਾਣੀਕਾਰ ਤੇ ਕਥਿਤ ਸਿਧਾਂਤਕਾਰ ਆਦਿ ਦੁਰਪ੍ਰਚਾਰ ਕਰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤਾਂ ਵੇਦਾਂ ਦਾ ਹੀ ਪਸਾਰ ਹੈ ਤੇ ਉਨ੍ਹਾਂ ਵਾਲਾ ਹੀ ਗਿਆਨ ਹੈ। ਸੋ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਭੀ ਇਨ੍ਹਾਂ ਦੇ ਮੰਤਰਾਂ (ਰਿਗਵੇਦ), ਸਾਮਵੇਦ ਗੀਤਾਂ ਦਾ ਸੰਗ੍ਰਹਿ, ਯਜੁਰਵੇਦ ਯੱਗਾਂ ਦੀਆਂ ਰੀਤਾਂ ਤੋਂ ਉਨ੍ਹਾਂ ਦੇ ਮੰਤਰ ਅਤੇ ਚੌਥੇ ਅਥਰਵੇਦ ਵਿਚ ਆਮ ਲੋਕਾਂ ਲਈ ਭਿੰਨ-ਭਿੰਨ ਪ੍ਰਕਾਰ ਦੇ (ਮਿਸਲੇਨੀਅਸ) ਮੰਤਰ, ਪ੍ਰਾਰਥਨਾ ਲਈ ਹਨ, ਜੈਸਾ ਹੈ ਜੋ ਖੰਡਨਯੋਗ ਹੈ ਤੇ ਇਸਦਾ ਸਰਗਰਮ ਵਿਰੋਧ ਜ਼ਰੂਰੀ ਹੈ। ਇਨ੍ਹਾਂ ਸਭ ਦਾ ਆਧਾਰ ਤੇ ਸੰਬੰਧ ਜਾਤਾਂ ਦੀ ਊਚ-ਨੀਚ ਵੰਡ ਨਾਲ ਹਨ, ਜੋ ਭਾਰਤੀ ਲੋਕਾਈ ਲਈ ਕੈਂਸਰ ਰੋਗ ਆਖੀਆਂ ਜਾਂਦੀਆਂ ਹਨ। ਸਨਾਤਨੀ ਧਰਮ ਵਾਲੇ ਤੇ ਇਨ੍ਹਾਂ ਦੇ ਆਗੂ ਗੋਲਵਾਲਕਰ, ਸਾਵਰਕਰ ਤੇ ਹੋਰ ਕਈ ਨੇਤਾ ਤਾਂ ਮਨੂੰ ਸ੍ਰਿਮਿਤੀ ਨੂੰ ਹਿੰਦੂ ਧਰਮ ਦਾ ਅਵੱਸ਼ ਅੰਗ ਆਖਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਤਾਂ ਇਨ੍ਹਾਂ ਸਭ ਦਾ ਤੇ ਹੋਰ ਕਰਮਕਾਂਡਾਂ ਤੇ ਧਰਮ ਯਾਤਰਾ ਆਦਿ ਦਾ ਖੰਡਨ ਕਰਦੇ ਹਨ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੇਦਾਂ ਦਾ ਪ੍ਰਸਾਰ, ਪਸਾਰ ਦੱਸਣਾ ਦਰਸਾਉਂਦਾ ਹੈ ਕਿ ਹਿੰਦੂਤਵੀ ਸਿੱਖੀ ਨੂੰ ਕਲਪਿਤ ਹਿੰਦੂ ਧਰਮ ਵਿਚ ਸਮੋ ਲੈਣ ਲਈ ਯਤਨਸ਼ੀਲ ਹਨ। ਕੀ ਸਿੱਖਾਂ ਨੂੰ ਇਸ ਕੁਟਲ ਨੀਤੀ ਦੀ ਸਮਝ ਨਹੀਂ ਪੈ ਰਹੀ ਜਾਂ ਡਰ ਗਏ ਹਨ, ਜਾਂ ਮੌਕਾਪ੍ਰਸਤ ਹੋ ਗਏ। ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਸਿੱਖ ਦਾ ਸਿਰ ਤਾਂ ਗੁਰੂ ਦਾ ਗੁਰੂ ਲਈ ਹੈ, ਨਾ ਕਿ ਹਾਕਮਾਂ ਲਈ। ਅਦੁੱਤੀ ਸੰਤ ਸਿਪਾਹੀ ਖਾਲਸਾ ਸਾਜਨਾ ਨੂੰ ਨਿਗੁਣਾ ਕਰਨ ਤੇ ਇਸ ਨੂੰ ਸਿਰਫ ਹਿੰਦੂ ਧਰਮ ਦੀ ਰੱਖਿਆ ਲਈ ਫੌਜ ਦੱਸਣਾ ਅਤੇ ਇਸ ਤਰ੍ਹਾਂ ਬਿੱਪਰ ਅਨੁਸਾਰ ਕਥਿਤ ਫੌਜ ਦਾ ਬੇਲੋੜਾ ਹੋ ਜਾਣਾ ਹੈ, ਜੋ ਇਹ ਕੁਚਾਲ, ਉੱਜਡ ਤੇ ਕਪਟੀ ਬਿਆਨਬਾਜ਼ੀ ਖੰਡਨਯੋਗ ਹੈ। ਖਾਲਸਾ, ਸੰਤ ਸਿਪਾਹੀ, ਵਕਤੀ ਨਹੀਂ, ਬਲਕਿ ਇਹ ਇਕ ਅਮਰ, ਸਦੀਵੀ ਕਾਲ ਦਾ ਗੁਰਮੁਖਿ ਸੰਤ ਸਿਪਾਹੀ ਹੈ, ਜੋ ਸਾਰੇ ਵਿਸ਼ਵ ਲਈ ਭਾਵ ਸਾਰੀ ਸ੍ਰਿਸ਼ਟੀ ਦੀ ਭਲਾਈ ਲਈ ਤੇ ਸੰਕਟ ਵਿਚ ਗ੍ਰਸੇ ਹੋਏ ਤੇ ਜ਼ੁਲਮ ਦਾ ਸ਼ਿਕਾਰ ਹੋਏ ਸਭ ਮਜ਼ਲੂਮਾਂ ਲਈ ਹੈ। ਸੋ ਇਹ ਕਥਿਤ ਹਿੰਦੂ ਤੇ ਹਿੰਦ ਦੀ ਰੱਖਿਆ ਲਈ ਨਹੀਂ ਸੀ ਤੇ ਨਾ ਹੈ, ਬਲਕਿ ਇੱਕੋ ਇਕ ਸਿਰਜਨਹਾਰ ਦੀ ਸਮੁੱਚੀ ਸਾਜੀ ਹੋਈ ਸਮੱਚੀ ਕਾਇਆਨਾਤ ਤੇ ਬਨਸਪਤੀ ਆਦਿ ਦੀ ਰੱਖਿਆ ਕਰਨ ਲਈ ਖਾਲਸਾ ਹੈ। ਸੋ ਇਹ ਬਿਪਰ ਤਾਂ ਸਿੱਧੇ ਤੌਰ 'ਤੇ ਹੀ ਖਾਲਸਾ ਸਾਜਨਾ ਤੇ ਸੰਤ ਸਿਪਾਹੀ ਦੀ ਅਕਾਲੀ ਹੋਂਦ ਨੂੰ ਖਤਮ ਕਰਨ ਦੀ ਸੋਚ ਬਣਾਈ ਬੈਠਾ ਹੈ, ਜਿਸ ਦੀ ਘੋਰ ਨਿੰਦਾ ਤੇ ਖੰਡਨ ਕਰਨਾ ਜ਼ਰੂਰੀ ਹੈ। ਇਸ ਤਰ੍ਹਾਂ ਦੇ ਮਾਰੂ ਹਮਲੇ ਦਾ ਆਰੰਭ ਤਾਂ ਅਯੁੱਧਿਆ ਵਿਚ ਬਾਬਰੀ ਮਸਜਿਦ ਨੂੰ ਢਾਅ ਕੇ ਰਾਮ ਮੰਦਰ ਬਣਾਉਣ ਦੇ ਮਨਸੂਬੇ ਤੋਂ ਭੀ ਆਰੰਭ ਹੋਇਆ। 9 ਨਵੰਬਰ, 2019 ਨੂੰ ਭਾਰਤੀ ਸੁਪਰੀਮ ਕੋਰਟ ਦੇ ਜੱਜਾਂ ਨੇ ਗਵਾਹੀਆਂ ਪ੍ਰਾਪਤ ਕੀਤੀਆਂ/ਸੁਣੀਆਂ। ਉਸ ਝਗੜੇ ਵਿਚ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਜੀ ਦੀ 1510-1511 ਵਿਚ ਰਾਮ ਸਥਾਨ ਦੀ ਕਥਿਤ ਤੀਰਥ ਯਾਤਰਾ ਘੜ ਲਈ। ਗੁਰੂ ਜੀ ਨੇ ਤਾਂ ਤੀਰਥ ਯਾਤਰਾ/ਯਾਤਰਾਵਾਂ ਦਾ ਖੰਡਨ ਕੀਤਾ ਹੈ ਤੇ ਉਹ ਫਿਰ ਆਪ ਕਿਵੇਂ ਕਥਿਤ ਰਾਮ ਸਥਾਨ ਦੇ ਯਾਤਰੀ ਬਣ ਗਏ। ਇਸ ਕੁਫਰ ਤੇ ਯਾਤਰੂ ਦਰਸਾਉਣ ਵਾਲੇ ਦਾ ਖੰਡਨ ਹੋਣਾ ਜ਼ਰੂਰੀ ਸੀ। ਨਾਲ ਹੀ ਜੱਜਾਂ ਦੀ ਸੋਚ ਸਮਝ ਦੇ ਭੀ ਬਲਿਹਾਰੇ ਜਾਈਏ ਕਿ ਉਨ੍ਹਾਂ ਨੇ ਜੇ ਮਹਾਨ ਗੁਰੂ ਨਾਨਕ ਜੀ ਦੀ ਕਥਿਤ ਯਾਤਰਾ ਨੂੰ ਜਾਇਜ਼ ਮੰਨ ਲਿਆ, ਤਾਂ ਉਨ੍ਹਾਂ ਨੂੰ ਗੁਰੂ ਜੀ ਤੇ ਉਨ੍ਹਾਂ ਦੀ ਬਾਣੀ ਬਾਰੇ ਭੀ ਪਤਾ ਕਰਨਾ ਜ਼ਰੂਰੀ ਸੀ। ਕਿਉਂ ਨਹੀਂ ਪਤਾ ਕੀਤਾ? ਗਵਾਹੀ ਦੇਣ ਵਾਲਾ ਰਾਜਿੰਦਰ ਸਿੰਘ ਨਾ ਹੀ ਸਿੱਖੀ ਦਾ, ਨਾ ਹੀ ਸਿੱਖ ਇਤਿਹਾਸ ਅਤੇ ਨਾ ਹੀ ਗੁਰਬਾਣੀ ਦਾ ਵਿਦਵਾਨ ਹੈ। ਕਿਸੇ ਮਹਾਨ ਸਿੱਖ ਵਿਦਵਾਨ ਆਦਿ ਤੋਂ ਕਿਉਂ ਜਾਣਕਾਰੀ ਨਾ ਲਈ? ਗੁਰੂ ਨਾਨਕ ਜੀ ਨੇ ਤਾਂ ਅਨੇਕਾਂ ਹਿੰਦੂ, ਮੁਸਲਿਮ ਧਾਰਮਿਕ ਸਥਾਨਾਂ ਉਪਰ ਜਾ ਕੇ ਆਪਣਾ ਸਰਬ ਸਾਂਝਾ ਇਲਾਹੀ ਉਚਤਮ ਗਿਆਨ ਵੰਡਿਆ ਤੇ ਗੋਸ਼ਟੀਆਂ ਕੀਤੀਆਂ - ਉ ਮੱਕਾ, ਪਾਕ ਪਟਨ, ਜੋਗੀਆਂ ਦੇ ਟਿੱਲੇ ਅਤੇ ਹਿੰਦੂਆਂ ਦੇ ਹਰਿਦੁਆਰ ਤੇ ਪੁਰੀ ਆਦਿ ਗਏ - ਪਰ ਕਿਸੇ ਭੀ ਥਾਂ ਦੀ ਤੀਰਥ ਯਾਤਰਾ ਨਹੀਂ ਸੀ। ਕੀ ਜੱਜਾਂ ਉੱਤੇ ਕਿੰਤੂ ਨਹੀਂ ਉੱਠਣਾ ਚਾਹੀਦਾ? ''ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ।।'' (ਸ.ਗ.ਗ.ਸ. : ਪੰਨਾ - 587) ਅਤੇ ''ਧੋਤੀ ਮੂਲਿ ਨ ਉਤਰੈ ਜੇ ਅਠਸਠਿ ਤੀਰਥ ਨਾਇ।।'' (ਸ.ਗ.ਗ.ਸ. : ਪੰਨਾ - 87) ਫਿਰ ਸੁਪਰੀਮ ਕੋਰਟ ਆਪਣੇ ਫੈਸਲੇ ਦੀ ਅੰਤਕਾ ਵਿਚ (ਅਡੈ-ਡਿਮ ਵਿਚ) ਸਿੱਖ ਧਰਮ ਨੂੰ ਕਲਟ ਲਿਖ ਦਿੰਤਾ। ਇਹ ਤਾਂ ਸਿੱਖ ਧਰਮ ਦੀ ਅਤੀ ਹੇਠੀ ਕਰਨੀ ਛੁਟਿਆਉਣਾ ਹੈ ਅਤੇ ਸਿੱਖਾਂ ਵੱਲੋਂ ਇਸ ਬਾਰੇ ਕੋਰਟ ਵਿਚ ਕੇਸ ਹੋਣਾ ਜ਼ਰੂਰੀ ਸੀ। ਕੀ ਜੱਜਾਂ ਨੂੰ ਪਤਾ ਨਹੀਂ ਕਿ ਸਿੱਖ ਇਕ ਪ੍ਰਮਾਣਿਤ ਧਰਮ ਹੈ, ਜੇ ਕਲਟ ਹੈ ਤਾਂ ਫਿਰ ਤਾਂ ਫਿਰ ਗੁਰੂ ਨਾਨਕ ਜੀ ਕਥਿਤ ਤੀਰਥ ਯਾਤਰਾ ਤੇ ਗਵਾਹੀ ਕਿਉਂ ਲਈ? ਕੀ ਇਸ ਬਾਰੇ ਭੀ ਜੱਜਾਂ 'ਤੇ ਉਂਗਲੀ ਨਹੀਂ ਉੱਠ ਸਕਦੀ? ਬਹੁਤ ਸਿੱਖਾਂ ਨੇ ਕਿਹਾ ਹੈ ਕਿ ਜੱਜਾਂ ਨੇ ਸਿੱਖ ਧਰਮ ਉਪਰ ਸੱਟ ਮਾਰੀ ਹੈ ਤੇ ਇਸ ਸੰਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸਿੱਖ ਸੰਸਥਾਵਾਂ ਨੂੰ ਚਾਰਾਜੋਈ ਕਰਨੀ ਜ਼ਰੂਰੀ ਸੀ ਤੇ ਹੈ। ਬਿੱਪਰ ਕਈ ਢੰਗਾਂ ਨਾਲ ਸਿੱਖ ਭਾਵਨਾਵਾਂ ਅਤੇ ਅਣਖ ਦੀ ਤੀਖਣਤਾ, ਡੂੰਘਾਈ, ਮਹੱਤਤਾ ਬਾਰੇ ਟੋਂਹਦਾ ਰਹਿੰਦਾ ਹੈ। ਉਹ ਮੋਮੋਠਗਣੀਆਂ ਦੇ ਨਾਲ-ਨਾਲ ਡਰਾਵੇ ਆਦਿ ਦੇ ਪੈਂਤੜੇ ਭੀ ਅਪਣਾਉਂਦਾ ਹੈ। ਸਿੱਖ ਦੇ ਆਪਸ ਵਿਚ ਵੰਡਾਂ ਤੇ ਦਰਾੜਾਂ ਪਾਉਣ ਲਈ ਯਤਨਸ਼ੀਲ ਰਹਿੰਦਾ ਹੈ। ਹੁਣ ਸਿੱਖਾਂ ਦੇ ਸਿਰਾਂ ਵਿਚੋਂ ਅਸਲੀ ਗੁਰਬਾਣੀ ਤੇ ਉਸ ਦੇ ਸਹੀ ਅਰਥਾਂ ਨੂੰ ਕੱਢ ਕੇ ਉਸ ਦੀ ਥਾਂ ਬ੍ਰਾਹਮਣੀ/ਬਿੱਪਰੀ ਅਰਥਾਂ ਨੂੰ ਭਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਕੰਮਜ਼ੋਰੀਆਂ ਨਾਲ ਭਰੇ ਦਾੜ੍ਹੀ ਕੇਸਾਂ ਵਾਲੇ ਸਿੱਖ (ਡਰਦੇ ਹੋਏ) ਬਿੱਪਰ ਵੱਲ ਭੱਜੇ ਜਾ ਰਹੇ ਹਨ। ਕੁਝ ਲੋਕ ਆਖਦੇ ਹਨ ਕਿ ਭੱਜਣ ਵਾਲੇ ਤੇ ਗੁਰਸਿੱਖੀ ਦੀ ਹੋਂਦ ਤੇ ਪਹਿਰਾ ਦੇਣ ਵਾਲੇ ਤਾਂ ਕਦੇ ਬਦਲਦੇ ਹੀ ਨਹੀਂ, ਜਿਵੇਂ ਬਾਦਸ਼ਾਹ ਬਹਾਦਰ ਸ਼ਾਹ ਨੇ 1710 ਤੋਂ ਸਿੱਖਾਂ ਦੇ ਕਤਲੇਆਮ ਦੇ ਹੁਕਮ ਦਿੱਤੇ ਤੇ ਫਰੁਖਸ਼ਈਅਰ ਨੇ ਲੱਖਾਂ ਦੇ ਹਿਸਾਬ ਨਾਲ ਕਤਲ ਕੀਤੇ ਪਰ ਸਿੱਖ ਨਾ ਥਿੜਕੇ। ਅੱਜ ਜੋ ਥਿੜਕਦੇ ਹਨ, ਉਨ੍ਹਾਂ ਬਾਰੇ ਸੋਚੋ। ਸ਼੍ਰੀ ਮੋਦੀ ਨੇ 14 ਦਸੰਬਰ, 2021 ਨੂੰ ਕਾਸ਼ੀ ਵਿਖੇ ਵਿਸ਼ਵਨਾਥ ਧਾਮ ਕੌਰੀਡੋਰ (ਲਾਂਘਾ) ਦੇ ਉਦਘਾਟਨ ਸਮੇਂ ''ਸ਼੍ਰੀ ਕਾਂਸ਼ੀ ਵਿਸ਼ਵਨਾਥ ਧਾਮ ਕਾ ਗੌਰਵਸ਼ਾਲੀ ਇਤਿਹਾਸ'' ਨਾਮੀ ਪੈਂਫਲਿਟ ਜਾਰੀ ਕੀਤਾ; ਜਿਸ ਵਿਚ ''ਕਾਸ਼ੀ ਅਤੇ ਸਿੱਖ ਧਰਮ'' ਬਾਰੇ ਪੈਰਾ ਲਿਖਿਆ, ਜੋ ਘਟੀਆ ਸੋਚ ਦੀ ਪ੍ਰਦਰਸ਼ਨੀ ਕਰਦਾ ਹੈ ਤੇ ਖੰਡਨਯੋਗ ਹੈ। ਉਹ ਸੰਤ ਸਿਪਾਹੀ ਦੇ ਗੌਰਵਮਈ ਉੱਚਤਮ ਸਿਧਾਂਤ ਨੂੰ ਹਿੰਦੂਤਵੀ, ਕਰਮਕਾਂਡੀ ਵਿਚਾਰਧਾਰਾ ਦੇ ਅਧੀਨ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਨੀਵੀਂ ਪੱਧਰ ਦਾ ਹਮਲਾ ਹੈ। ਇਹ ਪੈਂਫਲਿਟ ਦੱਸਦਾ ਹੈ ਕਿ ਕਾਸ਼ੀ ਬੋਧੀ ਤੇ ਜੈਨੀ ਵਿਦਵਾਨਾਂ ਨੂੰ ਭੀ ਆਕਰਸ਼ਿਤ ਕਰਦੀ ਰਹੀ ਹੈ (ਤੇ ਉਨ੍ਹਾਂ ਦਾ ਪੂਰਨ ਹਿੰਦੂ ਕਰਨ ਕਰ ਦਿੱਤਾ ਹੈ)। ਉਸ ਸਥਾਨ ਨੂੰ ਸਿੱਖਾਂ ਲਈ ਭੀ ਮਾਰਗ ਦਰਸ਼ਕ ਕਿਹਾ ਹੈ। ਮੇਰੇ ਵਿਚਾਰ ਅਨੁਸਾਰ, ਉਹ ਸਿੱਖਾਂ ਲਈ ਨਾ ਹੀ ਮਾਰਗਦਰਸ਼ਕ ਸੀ, ਨਾ ਹੀ ਹੈ ਅਤੇ ਨਾ ਹੀ ਹੋਵੇਗਾ। ਸਿੱਖਾਂ ਦਾ ਸਮੁੱਚੇ ਜੀਵਨ ਦਾ ਪਰਪੱਕ, ਸਥਾਈ, ਅਕਾਲੀ ਮਾਰਗ ਦਰਸ਼ਕ ਸਿਰਫ ਤੇ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ, ਹੋਰ ਕੋਈ ਭੀ ਗ੍ਰੰਥ ਜਾਂ ਸਥਾਨ ਨਹੀਂ। ਦਰਬਾਰ ਸਾਹਿਬ ਤੇ ਹੋਰ ਗੁਰੂ ਸਾਹਿਬਾਨ ਨਾਲ ਸੰਬੰਧਤ ਸਥਾਨ ਸਤਿਕਾਰਤ ਹਨ, ਉਤਸ਼ਾਹਜਨਕ ਹਨ। ਪਰ ਮੁੱਖ, ਸਰਬ ਉੱਚਤਮ ਮਾਰਗ ਦਰਸ਼ਕ ਤੇ ਆਧਾਰ ਸ੍ਰੀ ਗੁਰ

(ਬਾਕੀ ਸਫਾ ਬੀ 23 ਤੇ)

*MORTGAGES FOR UPTO 50 MILLION

IS AVAILABLE FOR LARGE PROJECTS

Please Call:

SARBJIT DUBB, AMP

Mortgage Consultant

604-780-4497

Verico A.K. Mortgage Plus Inc.

AK Mortgage Plus Professional Mortgage Consultants

A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca

*Rates are subject to change. O.A.C. Some Conditions Apply. VERICO A.K. MORTGAGE PLUS INC

Yes, Private Mortgages Start from 8.25% for a limited time*

Foreclosure?, we can help.

QUICK & EASY APPROVALS



# ਜਦੋਂ ਇਕ ਦਿਨ 'ਚ 21 ਘੰਟੇ ਹੁੰਦੇ ਸਨ, ਹੁਣ ਸੈਕਿੰਡ ਨੂੰ ਮੁੜ ਪ੍ਰਭਾਸ਼ਿਤ ਕਰਨ ਦੀ ਲੋੜ ਕਿਉਂ ਹੈ?

*ਕਾਰਲੋਸ ਸੇਰਾਨੋ

ਸਮੇਂ ਦੀ ਬੁਨਿਆਦੀ ਮਾਪ ਇਕਾਈ, ਜਿਸ 'ਤੇ ਸਾਡੇ ਮਾਪ ਸਿਸਟਮ ਦੇ ਕਈ ਹੋਰ ਪਹਿਲੂ ਅਧਾਰਿਤ ਹਨ, 70 ਸਾਲ ਤੋਂ ਨਹੀਂ ਬਦਲੀ ਹੈ। ਤਕਨੀਕ ਦਾ ਅਧੁਨਿਕ ਹੋਣਾ ਹਾਲਾਂਕਿ ਇਹ ਸੰਕੇਤ ਦਿੰਦਾ ਹੈ ਕਿ ਸੈਕਿੰਡ ਦੀ ਪਰਿਭਾਸ਼ਾ ਅਪਡੇਟ ਅਤੇ ਹੋਰ ਸਹੀ ਕਰਨ ਦੀ ਲੋੜ ਹੈ।

ਫਰਾਂਸ ਦੇ ਪੈਰਿਸ ਵਿੱਚ ਇੰਟਰਨੈਸ਼ਨਲ ਬਿਓਰੋ ਆਫ ਵੇਟਸ ਐਂਡ ਮੈਜ਼ਰਜ਼ (ਭੀਫੰ) ਦੇ ਖੋਜਾਰਥੀਆਂ ਨੇ ਇਹ ਮੰਨਿਆ ਹੈ। ਇਹ ਸੰਸਥਾ ਦੁਨੀਆਂ ਭਰ ਵਿੱਚ ਮਾਪ ਇਕਾਈਆਂ ਦੀ ਮਿਆਰਤਾ ਬਰਕਰਾਰ ਰੱਖਣ ਲਈ ਜ਼ਿੰਮੇਵਾਰ ਹੈ। ਬੀਆਈਪੀਐੱਮ ਦੇ ਵਿਗਿਆਨੀ ਕਈ ਦੇਸ਼ਾਂ ਦੇ ਮਾਹਿਰਾਂ ਨਾਲ ਮਿਲ ਕੇ ਸੈਕਿੰਡ ਨੂੰ ਮਾਪਣ ਦਾ ਤਰੀਕਾ ਬਦਲਣ ਦੀ ਤਿਆਰੀ ਕਰ ਰਹੇ ਹਨ। ਇਹ ਕਾਫ਼ੀ ਸੰਜੀਦਾ ਕੰਮ ਹੈ, ਜਿਸ ਦਾ ਨਤੀਜਾ ਸਾਡੇ ਬ੍ਰਹਿਮੰਡ ਬਾਰੇ ਸਮਝਣ ਦੇ ਤਰੀਕੇ ਨੂੰ ਬਦਲਣ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ।

ਇੱਕ ਸੈਕਿੰਡ ਕੀ ਹੈ ?

ਕੌਮਾਂਤਰੀ ਮਾਪ ਸਿਸਟਮ ਵਿੱਚ ਸੈਕਿੰਡ, ਸਮੇਂ ਨੂੰ ਮਾਪਣ ਵਾਲੀ ਮੁੱਢਲੀ ਇਕਾਈ ਹੈ। ਅਸਲ ਵਿੱਚ, ਦੂਜੀਆਂ ਮੁੱਢਲੀਆਂ ਇਕਾਈਆਂ ਜਿਵੇਂ ਕਿ ਮੀਟਰ (ਲੰਬਾਈ), ਕਿੱਲੋ(ਭਾਰ), ਐਂਪ (ਕਰੰਟ) ਅਤੇ ਕੈਲਵਿਨ (ਤਾਪਮਾਨ) ਸੈਕਿੰਡ ਦੇ ਰੂਪ ਵਿੱਚ ਪਰਭਾਸ਼ਿਤ ਕੀਤੀਆਂ ਜਾਂਦੀਆਂ ਹਨ। ਇਸ ਲਈ ਉਦਾਹਰਨ ਵਜੋਂ, ਬੀਪੀਆਈਐੱਮ ਮੈਟਰੋ ਨੂੰ ਇਸ ਤਰ੍ਹਾਂ ਪਰਭਾਸ਼ਿਤ ਕਰਦੇ ਹਨ ਕਿ, 1/299,792,458 ਪ੍ਰਤੀ ਸੈਕੰਡ ਦੇ ਸਮੇਂ ਵਿੱਚ ਰੌਸ਼ਨੀ ਵੱਲੋਂ ਤੈਅ ਕੀਤੀ ਜਾਣ ਵਾਲੀ ਦੂਰੀ।

ਹਜ਼ਾਰਾਂ ਸਾਲ ਤੋਂ, ਮਨੁੱਖਤਾ ਨੇ ਸਮੇਂ ਦੀ ਇਕਾਈ ਦੀ ਪਰਿਭਾਸ਼ਾ ਦੇਣ ਲਈ ਖ਼ਗੋਲ ਵਿਗਿਆਨ ਵਰਤਿਆ ਹੈ। ਪਰ 1967 ਤੋਂ, ਸੈਕਿੰਡ ਦੀ ਪਰਿਭਾਸ਼ਾ ਐਟਮਜ਼ (ਪਰਮਾਣੂਆਂ) ਦੇ ਨਿਰੀਖਣ ਤੋਂ ਲਈ ਜਾ ਰਹੀ ਹੈ। ਅਜਿਹਾ ਇਸ ਲਈ ਕਿਉਂਕਿ ਪਰਮਾਣੂ, ਧਰਤੀ ਦੀ ਰੋਟੇਸ਼ਨ(ਘੁੰਮਣ) ਤੋਂ ਵੱਧ ਸਹੀ ਢੰਗ ਨਾਲ ਵਰਤਾਅ ਕਰਦੇ ਹਨ। ਵਿਗਿਆਨੀਆਂ ਨੇ ਨਿਰੀਖਣ ਕੀਤਾ ਹੈ ਕਿ ਲੱਖਾਂ ਸਾਲਾਂ ਤੋਂ ਧਰਤੀ ਥੋੜ੍ਹਾ ਹੋਰ ਹੌਲੀ ਘੁੰਮਦੀ ਆ ਰਹੀ ਹੈ। ਜਿਸ ਕਾਰਨ ਔਸਤਨ 1.8 ਮਿਲੀ ਸੈਕੰਡ ਪ੍ਰਤੀ ਸੈਂਚਰੀ (ਸੌ ਸਾਲ) ਦੇ ਹਿਸਾਬ ਨਾਲ ਦਿਨ ਵੱਡੇ ਹੋਏ ਹਨ। ਉਦਾਹਰਨ ਵਜੋਂ, 600 ਮਿਲੀਅਨ ਸਾਲ ਪਹਿਲਾਂ, ਦਿਨ ਸਿਰਫ਼ 21 ਘੰਟੇ ਦਾ ਹੁੰਦਾ ਸੀ। ਸਾਲ 2020 ਵਿੱਚ ਕਈ ਅਧਿਐਨਾਂ ਨੇ ਦਿਖਾਇਆ ਹੈ ਕਿ ਪਿਛਲੇ 50 ਸਾਲਾਂ ਦੌਰਾਨ ਸਾਡੇ ਗ੍ਰਹਿ ਨੇ ਵਧੇਰੇ ਤੇਜ਼ ਘੁੰਮਣਾ ਸ਼ੁਰੂ ਕਰ ਦਿੱਤਾ ਹੈ। ਇਸ ਲਈ ਭਾਵੇਂ ਇਹ ਅਗੋਚਰ (ਆਮ ਨਜ਼ਰ ਤੇ ਸਮਝ ਤੋਂ ਪਰ੍ਹੇ) ਹੈ, 'ਖਗੋਲੀ ਸੈਕਿੰਡ' ਹਮੇਸ਼ਾ ਇੱਕੋ ਜਿਹਾ ਨਹੀਂ ਹੁੰਦਾ। ਦੂਜੇ ਪਾਸੇ ਪਰਮਾਣੂ ਕਣ ਵਧੇਰੇ ਸਹੀ ਢੰਗ ਨਾਲ ਅਤੇ ਅਨੁਮਾਨਤ ਢੰਗ ਨਾਲ ਚਲਦੇ ਹਨ।

ਸਾਲ 1967 ਤੋਂ ਸੈਕਿੰਡ ਇੱਕ ਖਾਸ ਮਾਈਕਰੋ ਤਰੰਗਾਂ ਦੇ ਸੰਪਰਕ ਵਿੱਚ ਲਿਆਂਦੇ ਤੱਤ ਸੇਜ਼ੀਅਮ 133 ਪਰਮਾਣੂ ਦੇ ਕਣਾਂ ਦੇ ਝੂਲਣ 'ਤੇ ਅਧਾਰਿਤ ਪਰਿਭਾਸ਼ਿਤ ਹੋਣ ਲੱਗਾ।

ਇਸ ਨੂੰ ਮਾਪਣ ਲਈ ਵਰਤੇ ਜਾਂਦੇ ਯੰਤਰ ਨੂੰ ਪਰਮਾਣੂ ਘੜੀ (ਐਟਮੀ ਘੜੀ) ਕਿਹਾ ਜਾਂਦਾ ਹੈ। ਇਨ੍ਹਾਂ ਮਾਈਕਰੋ ਤਰੰਗਾਂ ਹੇਠ, ਸੇਜ਼ੀਅਮ 133 ਇੱਕ ਪੈਂਡੂਲਮ ਦੀ ਤਰ੍ਹਾਂ ਵਰਤਾਅ ਕਰਦਾ ਹੈ ਜੋ ਹਰ ਹਰ ਸੈਕੰਡ 9,192,631,770 ਵਾਰ ਝੂਲਦਾ ਹੈ। ਉਸ ਸਮੇਂ, ਜਿਹੜੇ ਸੈਕਿੰਡ ਨੂੰ ਝੂਲਣ ਦੀ ਗਿਣਤੀ ਕਰਨ ਲਈ ਹਵਾਲੇ ਵਜੋਂ ਲਿਆ ਗਿਆ ਸੀ, 1957 ਦੇ ਇੱਕ ਦਿਨ 'ਤੇ ਅਧਾਰਿਤ ਸੀ ਜੋ ਕਿ ਧਰਤੀ, ਚੰਦਰਮਾ ਅਤੇ ਤਾਰਿਆਂ ਦੇ ਵਿਹਾਰ ਤੋਂ ਤੈਅ ਕੀਤਾ ਗਿਆ ਸੀ। ਇਸ ਤਰੀਕੇ ਨਾਲ ਬੀਆਈਪੀਐੱਮ ਨੇ ਸਥਾਪਿਤ ਕੀਤਾ ਕਿ ਸੈਕਿੰਡ ਦਾ ਰਸਮੀ ਮਾਪ ਸੇਜ਼ੀਅਮ 133 ਦੇ ਕਣਾਂ ਦੇ ਝੂਲਣ ਦੀ ਗਿਣਤੀ ਤੋਂ ਪਰਭਾਸ਼ਿਤ ਕੀਤਾ ਜਾਏਗਾ।

ਸੌਖੇ ਸ਼ਬਦਾਂ ਵਿੱਚ, ਅੱਜ ਸੈਕੰਡ ਦੀ ਪਰਿਭਾਸ਼ਾ ਹੈ ਕਿ ਜੋ ਸਮਾਂ ਸੇਜ਼ੀਅਮ 9,192,631,770 ਵਾਰ ਝੂਲਣ ਵਿੱਚ ਲੈਂਦਾ ਹੈ।

ਪਰਮਾਣੂ ਆਪਟੀਕਲ ਘੜੀਆਂ ਕਰੀਬ ਇੱਕ ਦਹਾਕੇ ਤੱਕ ਹੋਂਦ ਵਿੱਚ ਰਹੀਆਂ ਹਨ, ਜਿਨ੍ਹਾਂ ਕੋਲ ਪਰਮਾਣੂਆਂ ਦੀ ਟਿਕ-ਟਿਕ ਦੇ ਨਿਰੀਖਣ ਦੀ ਯੋਗਤਾ ਹੁੰਦੀ ਹੈ, ਜੋ ਸੇਜ਼ੀਅਮ ਤੋਂ ਵੱਧ ਤੇਜ਼ੀ ਨਾਲ ਝੂਲਦੇ ਹਨ। ਉਦਾਹਰਨ ਵਜੋਂ ਕੁਝ ਈਟਰਬੀਅਮ, ਸਟ੍ਰੌਂਬ, ਮਰਕਰੀ ਅਤੇ ਐਲੂਮੀਨੀਅਮ ਦੀਆਂ ਟਿਕ ਗਿਣਦੇ ਹਨ। ਇਹ ਉਵੇਂ ਹੈ, ਜਿਵੇਂ ਜੇ ਪਰਮਾਣੂ ਘੜੀ ਨੂੰ ਮੈਗਨੀਫਾਇੰਗ ਗਲਾਸ (ਵੱਡਦਰਸ਼ੀ ਸ਼ੀਸ਼ੇ) ਵਿੱਚ ਰੱਖਿਆ ਜਾਵੇ ਜੋ ਵਧੇਰੇ ਔਸੀਲੇਸ਼ਨਜ਼(ਝੂਲਣ) ਦਿਖਾ ਸਕੇ, ਜਿਸ ਨਾਲ ਸੈਕੰਡ ਨੂੰ ਹੋਰ ਸਹੀ ਤਰੀਕੇ ਨਾਲ ਪਰਿਭਾਸ਼ਿਤ ਕੀਤਾ ਜਾ ਸਕੇ।

ਅੱਜ ਕਈ ਦੇਸ਼ਾਂ ਵਿੱਚ ਅਜਿਹੀਆਂ ਹਜ਼ਾਰਾਂ ਆਪਟੀਕਲ ਘੜੀਆਂ ਹਨ ਜਿਨ੍ਹਾਂ ਜ਼ਰੀਏ ਉਨ੍ਹਾਂ ਵੱਲੋਂ ਲਏ ਗਏ ਮਾਪਾਂ ਦੀ ਤੁਲਨਾ ਕੀਤੀ ਜਾ ਸਕਦੀ ਹੈ ਤਾਂ ਕਿ ਨਤੀਜੇ ਤਸਦੀਕ ਹੋ ਸਕਣ। ਬੀਈਪੀਐੱਮ ਪਰਮਾਣੂ ਆਪਟੀਕਲ ਘੜੀਆਂ ਜ਼ਰੀਏ ਸੈਕਿੰਡ ਨੂੰ ਮਾਪਣ ਦੀ ਯੋਜਨਾ ਬਣਾ ਰਿਹਾ ਹੈ, ਪਰ ਵਰਤੇ ਜਾਣ ਵਾਲੇ ਮਾਪਦੰਡ 'ਤੇ ਫ਼ਿਲਹਾਲ ਕੰਮ ਕੀਤਾ ਜਾ ਰਿਹਾ ਹੈ।

ਬੀਬੀਸੀ ਮੁੰਡੋ ਨੂੰ ਬੀਈਪੀਐੱਮ ਦੀ ਮੌਸਮ ਟੀਮ ਦੇ ਇੱਕ ਖੋਜਾਰਥੀ ਗੇਰਾਡ ਪੇਟਿਟ ਨੇ ਕਿਹਾ ਕਿ ਸਭ ਤੋਂ ਅਹਿਮ ਚੀਜ਼ ਆਪਟੀਕਲ ਘੜੀਆਂ ਦੀ ਸ਼ੁੱਧਤਾ(ਸਹੀ ਹੋਣਾ) ਚੈੱਕ ਕੀਤੇ ਜਾਣਾ ਹੈ। ਹੁਣ ਤੱਕ ਆਪਟੀਕਲ ਘੜੀਆਂ ਦੀ ਸਭ ਤੋਂ ਬਿਹਤਰ ਤੁਲਨਾ ਇੱਕੋ ਪ੍ਰਯੋਗਸ਼ਾਲਾ ਦੀਆਂ ਘੜੀਆਂ ਵਿਚਕਾਰ ਹੋਈ ਹੈ।

ਪੇਟਿਟ ਮੁਤਾਬਕ ਚੁਣੌਤੀ ਵੱਖਰੀਆਂ ਪ੍ਰਯੋਗਸ਼ਾਲਾਵਾਂ ਦੀਆਂ ਕਈ ਘੜੀਆਂ ਵਿਚਕਾਰ ਤੁਲਨਾ ਕਰਨਾ ਹੈ। ਇਸ ਦੇ ਨਾਲ ਹੀ, ਤੁਹਾਨੂੰ ਪੀਰੀਆਡਕ ਟੇਬਲ (ਆਵਰਤੀ ਸਾਰਣੀ) ਦਾ ਐਲੀਮੈਂਟ(ਤੱਤ) ਚੁਣਨਾ ਹੁੰਦਾ ਹੈ ਜਿਸ ਦਾ ਪਰਮਾਣੂ ਸੇਜ਼ੀਅਮ ਬਦਲਣ ਲਈ ਹਵਾਲੇ ਵਜੋਂ ਲਿਆ ਜਾਵੇ। ਇਸ ਦੇ ਨਾਲ ਹੀ, ਪਰਮਾਣੂ ਘੜੀਆਂ ਬਹੁਤ ਜ਼ਿਆਦਾ ਕੰਪਲੈਕਸ ਯੰਤਰ ਹਨ, ਕਈਆਂ ਨੂੰ ਕਾਰਵਾਈ ਲਈ ਪੂਰੀ ਪ੍ਰਯੋਗਸ਼ਾਲਾ ਦੀ ਲੋੜ ਹੁੰਦੀ ਹੈ।

"ਇਨ੍ਹਾਂ ਯੰਤਰਾਂ ਵੱਲੋਂ ਦਰਪੇਸ਼ ਕੁਝ ਚੁਣੌਤੀਆਂ, ਜਿਵੇਂ ਕਿ ਪਰਮਾਣੂਆਂ ਦੇ ਸਹੀ ਢੰਗ ਨਾਲ ਝੂਲਣ ਲਈ ਚਾਹੀਦੀ ਉਸੇ ਤਰ੍ਹਾਂ ਦੀ ਲੇਜ਼ਰ ਲਾਈਟ ਛੱਡਣਾ, ਜਾਂ ਘੱਟੋ-ਘੱਟ ਵਕਫ਼ਿਆਂ ਵਾਲੀ ਅਤਿ-ਤੇਜ਼ ਲੇਜ਼ਰ ਪਲਸ ਹੋਣਾ ਤਾਂ ਕਿ ਲਾਜ਼ਮੀ ਗਿਣੀਆਂ ਜਾਣ ਵਾਲੀਆਂ ਔਸੀਲੇਸ਼ਨਜ਼ ਗਿਣੇ ਬਿਨ੍ਹਾਂ ਰਹਿ ਨਾ ਜਾਣ", ਨੈਸ਼ਨਲ ਇੰਸਟਿਚਿਊਟ ਆਫ ਸਟੈਂਡਰਡਜ਼ ਐਂਡ ਟੈਕਨਾਲਜੀ ਦੀ ਸਮਾਂ ਅਤੇ ਬਾਰੰਬਾਰਤਾ ਡਵੀਜ਼ਨ ਦੇ ਲਾਈਵ ਸਾਇੰਸ ਪੋਰਟਲ ਖੋਜਾਰਥੀ ਜੈਫਰੀ ਸ਼ਰਮਨ ਨੇ ਕਿਹਾ।

"ਜੇ ਸਭ ਕੁਝ ਯੋਜਨਾ ਮੁਤਾਬਕ ਚਲਦਾ ਹੈ ਤਾਂ ਜੂਨ ਮਹੀਨੇ ਮਾਪਦੰਡ ਪਰਿਭਾਸ਼ਤ ਕਰਨੇ ਸ਼ੁਰੂ ਹੋ ਜਾਣਗੇ ਅਤੇ ਨਵਾਂ ਸੈਕੰਡ 2030 ਤੋਂ ਲਾਗੂ ਹੋ ਜਾਏਗਾ।" ਪੇਟਿਟ ਨੇ ਕਿਹਾ।

**ਰਹੱਸ ਬੇਪਰਦਾ ਕਰਨਾ**

ਸੈਕੰਡ ਦੀ ਪਰਿਭਾਸ਼ਾ ਬਦਲ ਜਾਣ ਬਾਅਦ ਕੀ ਹੋਏਗਾ?"ਕੁਝ ਨਹੀਂ", ਹੱਸਦਿਆਂ ਪੇਟਿਟ ਨੇ ਕਿਹਾ।

ਸੈਕੰਡ ਨੂੰ ਅਪਡੇਟ ਕਰਨ ਦਾ ਮੁੱਖ ਕਾਰਨ ਚੀਜ਼ਾਂ ਤਰਤੀਬ ਵਿੱਚ ਰੱਖਣਾ ਹੈ। ਦੁਨੀਆ ਦੇ ਮਾਪਾਂ ਦਾ ਢਾਂਚਾ ਸੈਕੰਡ 'ਤੇ ਨਿਰਭਰ ਕਰਦਾ ਹੈ। "ਕੁਝ ਸਮੇਂ ਲਈ ਉਸ ਪਰਿਭਾਸ਼ਾ ਨਾਲ ਰਿਹਾ ਜਾ ਸਕਦਾ ਹੈ ਜੋ ਪੂਰੀ ਤਰ੍ਹਾਂ ਸਹੀ ਨਹੀਂ ਹੈ, ਪਰ ਕੁਝ ਸਮੇਂ ਬਾਅਦ ਇਹ ਨਾਸਮਝੀ ਬਣ ਜਾਏਗੀ।", ਪੇਟਿਟ ਕਹਿੰਦੇ ਹਨ। "ਰੋਜ਼ਾਨਾ ਜੀਵਨ ਵਿੱਚ ਭਾਵੇਂ ਕੁਝ ਬਦਲਾਅ ਨਾ ਆਵੇ, ਪਰ ਵਿਗਿਆਨ ਵਿੱਚ ਉਹ ਪਰਿਭਾਸ਼ਤ ਕਰਨਾ ਜ਼ਰੂਰੀ ਹੈ ਜੋ ਸੰਭਵ ਤੌਰ 'ਤੇ ਸਭ ਤੋਂ ਵਧੀਆ ਮਾਪ 'ਤੇ ਅਧਾਰ ਹੈ। "ਇਸ ਦੇ ਨਾਲ, ਸਮੇਂ ਨੂੰ ਅਤਿ-ਸਹੀ ਤਰੀਕੇ ਨਾਲ ਮਾਪਣ ਨਾਲ ਸਾਨੂੰ ਪਹਿਲਾਂ ਗਲਤ ਸਮਝੇ ਗਏ ਵਰਤਾਰੇ ਨੂੰ ਸਮਝਣ ਵਿੱਚ ਮਦਦ ਮਿਲੇਗੀ। ਐੱਨਆਈਐੱਸਟੀ ਸਮਝਾਉਂਦਾ ਹੈ, ਕਿ ਉਦਾਹਰਨ ਵਜੋਂ ਆਈਨਸਟਾਈਨ ਦੇ 'ਸਾਪੇਖਤਾ ਦੇ ਸਿਧਾਂਤ' ਵੱਲੋਂ ਵਿਆਖਿਅਤ ਸਪੇਸ-

(ਬਾਕੀ ਸਫਾ ਬੀ 23 ਤੇ)

ਸੋਹਣੇ ਤਰੀਕੇ ਨਾਲ ਦੇਸੀ ਮਹੀਨਿਆਂ ਬਾਰੇ ਸਮਝਾਇਆ ਗਿਆ




AujLawZ
Tax & Accounting Services
• Reliable • Professional • Confidential
(we provide first couple of month's service free)
*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India
Courses Started
*Income Tax Preparation *Personal&Small business *Accounting Certificate *Pesticide Applicator * LLQP for Life Insurance Career
Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323

TMG LOGISTICS INC.
Need Owner Operators
*Vancouver to California *California to Alberta Back Vancouver
*Vancouver to East USA Return
NOW HIRING
Good Paying Loads



Need Company Drivers
Single Driver Pay 52cents/mile
Team Drivers 32 cents/mile
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

## ਗੋਬਿੰਦ ਦੇ ਲਾਲ

ਬਲਿਦਾਨ ਤੁਸੀਂ ਨਾ ਕਦੇ ਭੁਲਾਓ ।
ਚੇਤਾ ਉਹਨਾਂ ਦਾ ਲੈ ਆਓ।
ਜਿਹੜੇ ਨੀਹਾਂ ਵਿੱਚ ਚਿਣੇ ਸੀ,
ਨਾ ਹੌਂਸਲੇ ਗਏ ਮਿਣੇ ਸੀ।
ਸ਼ੇਰਾਂ ਵਾਂਗੂੰ ਜਿਹੜੇ ਗੱਜੇ,
ਦੁਸ਼ਮਣ ਡਰਦਾ ਅੱਗੇ ਭੱਜੇ।
ਸਿੱਖ ਧਰਮ ਦੇ ਜੋ ਨਗੀਨੇ,
ਦੁਸ਼ਮਣ ਤਾਂਈਂ ਆਉਣ ਪਸੀਨੇ।
ਗੱਲ ਸਿਆਣੀ ਕਰਦੇ ਸੀ ਜੋ ,
ਨਾਹੀਂ ਪਾਣੀ ਭਰਦੇ ਸੀ ਜੋ।
ਚਿਹਰੇ ਉੱਤੇ ਨੂਰ ਇਲਾਹੀ,
ਜ਼ਾਲਮ ਨੂੰ ਸੀ ਗੱਲ ਸਮਝਾਈ।
ਬਾਲ ਬੜੇ ਸਨ ਉਹ ਗਿਆਨੀ,
ਮਾਤ ਗਈ ਸੀ ਖਾ ਜਵਾਨੀ।
ਤਨ ਤੋਂ ਭਾਵੇਂ ਬਾਲ ਜਿਹੇ ਸਨ,
ਬਲਦੀ ਪਰ ਮਸ਼ਾਲ ਜਿਹੇ ਸਨ।
ਜ਼ਾਲਮ ਨੂੰ ਨਾ ਉੱਤਰ ਆਇਆ
ਨਾਲ਼ ਦਲੀਲਾਂ ਚੁੱਪ ਕਰਾਇਆ।
ਉਮਰੋਂ ਨਿੱਕੇ ਤਿੱਖੇ ਸਨ ਉਹ
ਦਸਮੇਸ਼ ਪਿਤਾ ਤੋਂ ਸਿੱਖੇ ਸਨ ਉਹ।
ਵੱਡੇ ਵੱਡੇ ਸਨ ਘਬਰਾਏ,
ਉਹ ਗੋਬਿੰਦ ਦੇ ਲਾਲ ਕਹਾਏ।
ਉਹਨਾਂ ਵਰਗੇ ਬਣੀਏ ਸਾਰੇ
ਬਣੀਏ ਸਭ ਦੀ ਅੱਖ ਦੇ ਤਾਰੇ।
ਉਨ੍ਹਾਂ ਨੂੰ ਨਿੱਤ ਸੀਸ ਝੁਕਾਈਏ
ਦੱਸੇ ਰਾਹ ਤੇ ਚਲਦੇ ਜਾਈਏ।

**ਹਰਦੀਪ ਬਿਰਦੀ**

## ਆਖੀਏ ਵਧਾਈਆਂ ਕਿਵੇਂ

ਬਾਈ ਵਿਚ ਬਾਈ ਨੇ ਜੇ ਮੰਦਾ ਚੰਗਾ ਬੋਲਿਆ ਕੋਈ
ਸਾਰਿਆਂ ਤੋਂ ਮਾਫੀ ਓਸ ਬੋਲ ਤੇ ਕਬੋਲ ਦੀ।
ਕੀਤੇ ਹੋਏ ਮਖੌਲ ਨਾਲ ਦਿਲ ਹੋਵੇ ਦੁਖਿਆ ਜੇ,
ਗਲਤੀ ਵੀ ਮੰਨਦੇ ਹਾਂ ਪਾਈ ਹੋਈ ਕਲੋਲ ਦੀ।
ਕੰਡੇ ਵਿਚ ਰੱਖਿਆ ਨੀਂ ਝੋਕ ਓਦਾਂ ਜਾਣ ਬੁੱਝ,
ਤਾਂ ਵੀ ਖਿਮਾ ਜਾਚਨਾ ਏ ਘੱਟ ਮਿਲੇ ਤੋਲ ਦੀ।
ਬਿਨਾਂ ਕੁੱਝ ਖੱਟਿਆਂ, ਕਮਾਇਆਂ ਲੰਘ ਬਾਈ ਗਿਆ,
ਕਰਾਂਗੇ ਕਦਰ ਹੁਣ ਤੇਈ ਅਨਮੋਲ ਦੀ।
ਬਾਈ ਵਾਲੇ ਗੁੱਸੇ, ਗਿਲੇ, ਰੋਸੇ ਤੇ ਉਲਾਂਭੇ ਸਾਰੇ,
ਬਾਈ 'ਚ ਹੀ ਛੱਡ ਦੇਣੇ ਅੱਗੇ ਨਈਂਓਂ ਤੋਰਨੇ।
ਕੱਠੇ ਹੋ ਕੇ ਆਪਾਂ ਸਾਰੇ ਭੰਨ੍ਹ ਕੇ ਹੀ ਖਾ ਲੈਣੇ,
ਨਾਰੀਅਲ ਮਹਿੰਗੇ ਹੁਣ ਨਦੀ 'ਚ ਰੋੜ੍ਹਨੇ।
ਕਰਤੀ ਬਥੇਰੀ ਸੇਵਾ ਆਪਣੇ ਪੰਜਾਬ ਦੀ ਬਾਈ,
ਹੁਣ ਹਥਿਆਰਾਂ ਵਾਲੇ ਗੀਤ ਨਹੀਂਓਂ ਜੋੜਨੇ।
ਬਾਈ ਵਿਚ ਲਏ ਸੀ ਆਪਾਂ ਸ਼ਗਨ ਤੇ ਤੋਹਫੇ ਜਿਹੜੇ,
ਭੁੱਲ ਜਾਣੇ ਸਾਰੇ ਆਪਾਂ ਤੇਈ 'ਚ ਨੀਂ ਮੋੜਨੇ।
ਤੁੱਕ ਤਾਂ ਕੋਈ ਬਣਦੀ ਨੀਂ ਆਖੀਏ ਵਧਾਈਆਂ ਕਿਵੇਂ,
ਝੋਲੀਆਂ 'ਚ ਪੀੜ ਹਾਲੇ ਟੁੱਟੇ ਹੋਏ ਖਾਬ ਦੀ।
ਕੱਪੜੇ ਲਬੇੜ ਦਿੰਦੀ, ਕੱਢਦੀ ਏ ਗਾਲ੍ਹਾਂ ਨਾਲ਼ੇ,
ਗੱਡੀ ਕੋਲੋਂ ਲੰਘੇ ਜਦੋਂ ਵੱਡੇ ਕਿਸੇ ਸਾਬ ਦੀ।
ਵਿਛੜੇ ਹੋਏ ਬੇਲੀਆਂ ਨੂੰ ਮਾਰਦੇ ਨੇ ਹਾਕਾਂ ਅਜੇ,
ਮੁੱਕੀ ਨਈਂ ਆਸ ਹਾਲੇ ਰਾਵੀ ਤੇ ਝਨਾਬ ਦੀ।
ਹੋਵੇ ਅਣਹੋਣੀ ਨਾ ਕੋਈ, ਸੱਥਰ ਨਾ ਵਿਛੇ ਕਿਤੇ,
ਕੱਠੇ ਹੋ ਕੇ ਸੁੱਖ ਆਜੋ ਮੰਗੀਏ ਪੰਜਾਬ ਦੀ।



**--ਬਲਵਿੰਦਰ ਸਿੰਘ ਕਾਲੀਆ(ਡਾ.)**
+1 778 779 4531

# ਅਮਰੀਕੀ ਮਰੀਨ ਕੋਰ 'ਚ ਸਿੱਖ ਦਾੜ੍ਹੀ ਰੱਖ ਸਕਦੇ ਹਨ ਤੇ ਦਸਤਾਰ ਸਜਾ ਸਕਦੇ ਹਨ:ਸੰਘੀ ਅਦਾਲਤ

ਨਿਊਯਾਰਕ-ਅਮਰੀਕਾ ਦੀ ਸੰਘੀ ਅਪੀਲ ਅਦਾਲਤ ਨੇ ਫੈਸਲਾ ਸੁਣਾਇਆ ਹੈ ਕਿ ਅਮਰੀਕੀ ਮਰੀਨ ਕੋਰ ਵਿੱਚ ਸਿੱਖ ਦਾੜ੍ਹੀ ਰੱਖ ਸਕਦੇ ਹਨ ਅਤੇ ਦਸਤਾਰ ਸਜਾ ਸਕਦੇ ਹਨ। ਡਿਸਟ੍ਰਿਕਟ ਆਫ ਕੋਲੰਬੀਆ ਦੀ ਸੰਘੀ ਅਪੀਲ ਅਦਾਲਤ ਦੇ ਜੱਜਾਂ ਨੇ ਸ਼ੁੱਕਰਵਾਰ ਨੂੰ ਸਿੱਖਾਂ 'ਤੇ ਅਜਿਹੀ ਪਾਬੰਦੀ ਨੂੰ ਰੱਦ ਕਰਦਿਆਂ ਇਸ ਨੂੰ ਧਾਰਮਿਕ ਆਜ਼ਾਦੀ ਦੀ ਉਲੰਘਣਾ ਕਰਾਰ ਦਿੱਤਾ। ਇਹ ਫੈਸਲਾ ਤਿੰਨ ਸਿੱਖ ਮਰੀਨ ਕੋਰ 'ਚ ਭਰਤੀ ਹੋਣ ਤੋਂ ਬਾਅਦ ਆਇਆ ਹੈ। ਅਕਾਸ਼ ਸਿੰਘ, ਜਸਕੀਰਤ ਸਿੰਘ ਅਤੇ ਮਿਲਾਪ ਸਿੰਘ ਚਾਹਲ ਨੇ ਕੋਰ ਦੇ ਨਿਯਮ ਖ਼ਿਲਾਫ਼ ਅਦਾਲਤ ਦਾ ਦਰ ਖੜਕਾਇਆ ਸੀ।

# ਸਿੱਖਾਂ 'ਤੇ ਪਹਿਲਾਂ ਵੀ ਜ਼ੁਲਮ ਹੁੰਦੇ ਰਹੇ ਤੇ ਅੱਜ ਵੀ ਜ਼ੁਲਮ ਹੋ ਰਹੇ ਹਨ:ਗਿ. ਰਾਮ ਸਿੰਘ

ਅੰਮ੍ਰਿਤਸਰ(ਚਰਨਜੀਤ ਸਿੰਘ): ਦਮਦਮੀ ਟਕਸਾਲ ਦੇ ਮੁਖੀ ਗਿਆਨੀ ਰਾਮ ਸਿੰਘ ਖ਼ਾਲਸਾ ਨੇ ਸਿੱਖਾਂ ਤੇ ਪਹਿਲਾਂ ਵੀ ਜ਼ੁਲਮ ਹੁੰਦੇ ਰਹੇ ਤੇ ਅੱਜ ਵੀ ਜੁਲਮ ਹੋ ਰਹੇ ਹਨ।ਗਿਆਨੀ ਰਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਭਾਰਤ ਸਰਕਾਰ ਵਲੋਂ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਮਨਾਉਣਾ ਇਕ ਚੰਗਾ ਕਦਮ ਹੈ ਪਰ ਇਸ ਦਿਹਾੜੇ ਦਾ ਨਾਮ ਵੀਰ ਬਾਲ ਦਿਵਸ ਸਿੱਖ ਭਾਵਨਾਵਾਂ ਤੇ ਖਰਾ ਨਹੀਂ ਉਤਰ ਰਿਹਾ।

ਉਨਾ ਕਿਹਾ ਕਿ ਸਾਹਿਬਜਾਦੇ ਕੋਈ ਬਾਲ ਨਹੀਂ ਸਨ ਬਲਕਿ ਆਪਣੀ ਅਦੁੱਤੀ ਕੁਰਬਾਨੀ ਕਾਰਨ ਮਾਪੇ ਵਜੋਂ ਸਤਿਕਾਰੇ ਜਾਂਦੇ ਹਨ। ਉਨ੍ਹਾਂ ਭਾਰਤੀ ਜਨਤਾ ਪਾਰਟੀ ਦੇ ਵਿਚ ਬੈਠੇ ਸਿੱਖ ਆਗੂਆਂ ਨੂੰ ਹਲੂਣਾ ਦਿੰਦੇ ਹੋਏ ਕਿਹਾ ਕਿ ਉਹ ਤਾਂ ਸਿੱਖਾਂ ਦੇ ਗੌਰਵਮਈ ਇਤਿਹਾਸ ਤੋਂ ਭਲੀ ਭਾਂਤ ਜਾਂਦੇ ਹਨ। ਘਟ ਤੋਂ ਘਟ ਭਾਜਪਾ ਦੇ ਵਿਚ ਬੈਠੇ ਸਿੱਖ ਆਗੂਆਂ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਕੇ ਸਰਕਾਰ ਨੂੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਿਹਾੜੇ ਦਾ ਨਾਮ ਸਿੱਖ ਭਾਵਨਾਂਵਾਂ ਮੁਤਾਬਿਕ ਰਖਣ ਲਈ ਕਹਿਣਾ ਚਾਹੀਦਾ ਸੀ। ਗਿਆਨੀ ਰਾਮ ਸਿੰਘ ਨੇ ਕਿਹਾ ਕਿ ਸਿੱਖ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਪੂਰਾ ਹਫਤਾ ਮਨਾਉਂਦੇ ਆ ਰਹੇ ਹਨ।ਸਾਹਿਬਜਾਦੇ ਮੁਗਲੀਆ ਹਕੂਮਤ ਦੇ ਖਿਲਾਫ ਲੜੇ ਤੇ ਉਨਾਂ ਦੁਨੀਆਂ ਦੇ ਇਤਿਹਾਸ ਵਿਚ ਬਹਾਦਤ ਦਾ ਨਦਾ ਪੰਨਾ ਜੋੜਿਆ । ਅੱਜ ਦੀ ਗੁਰੂ ਕੇ ਲਾਲ ਪਿਛਲੇ 30 ਸਾਲ ਤੋਂ ਜੇਲਾਂ ਵਿਚ ਨਜਰਬੰਦ ਹਨ ਤੇ ਸਮੇਂ ਦੀਆਂ ਹਕੂਮਤਾਂ ਦੇ ਜ਼ੁਲਮਾਂ ਦਾ ਖਿੜੇ ਮੱਥੇ ਸਾਮਣਾ ਕਰ ਰਹੇ ਹਨ ਅਫਸੋਸ ਦੀ ਗੱਲ ਇਹ ਵੀ ਹੈ ਕਿ ਭਾਰਤ ਸਰਕਾਰ ਨੇ ਸਾਲ 2019 ਵਿਚ ਹੀ ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਪ੍ਰਧਾਨ ਮੰਤਰੀ ਨੇ ਖੁਦ ਇਨਾਂ ਬੰਦੀ ਸਿੱਖਾਂ ਰਿਹਾਈ ਦੀ ਗਲ ਕੀਤੀ ਸੀ ਪਰ ਅੱਜ ਤਕ ਪ੍ਰਧਾਨ ਮੰਤਰੀ ਦੀ ਕਹੀ ਗੱਲ ਸੱਚ ਨਹੀਂ ਹੋਈ।

# ਭਾਜਪਾ ਆਗੂ ਨੇ ਪੁੱਛਿਆ ਕਾਂਗਰਸੀ ਨੰਗੇ ਕਿਉਂ ਨਹੀਂ ਫਿਰਦੇ?

ਨਵੀਂ ਦਿੱਲੀ: ਸਾਬਕਾ ਕੇਂਦਰੀ ਮੰਤਰੀ ਸਲਮਾਨ ਖੁਰਸ਼ੀਦ ਵੱਲੋਂ ਕਾਂਗਰਸ ਦੀ 'ਭਾਰਤ ਜੋੜੋ ਯਾਤਰਾ' ਦੀ ਅਗਵਾਈ ਕਰ ਰਹੇ ਰਾਹੁਲ ਗਾਂਧੀ ਦੀ ਤੁਲਨਾ ਭਗਵਾਨ ਰਾਮ ਤੇ ਕਾਂਗਰਸੀਆਂ ਦੀ ਭਰਤ ਨਾਲ ਕਰਨ ਤੋਂ ਬਾਅਦ ਭਾਜਪਾ ਆਗੂ ਦੁਸ਼ਯੰਤ ਗੌਤਮ ਨੇ ਮੰਗਲਵਾਰ ਸਵਾਲ ਕੀਤਾ ਕਿ ਜੇ ਰਾਹੁਲ ਰਾਮ ਦਾ ਅਵਤਾਰ ਹੈ ਤਾਂ ਉਹ ਆਪਣੀ 'ਸੈਨਾ' ਨੂੰ ਦੱਸੇ ਕਿ ਉਹ ਕੀ ਖਾਂਦਾ ਹੈ ਕਿ ਉਸ ਨੂੰ ਠੰਢ ਨਹੀਂ ਲਗਦੀ।ਉਸ ਦੀ ਸੈਨਾ ਨਿਰਵਸਤਰ ਕਿਉਂ ਨਹੀਂ ਫਿਰਦੀ।

ਕਾਂਗਰਸੀਆਂ ਨੂੰ ਨੰਗੇ ਫਿਰਨਾ ਚਾਹੀਦਾ ਹੈ, ਜਿਵੇਂ ਭਗਵਾਨ ਰਾਮ ਦੀ ਸੈਨਾ ਹੁੰਦੀ ਸੀ।ਖੁਰਸ਼ੀਦ ਨੇ ਸੋਮਵਾਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਸੀ—ਰਾਹੁਲ ਗਾਂਧੀ ਪਰਾ-ਮਨੁੱਖ ਹਨ। ਅਸੀਂ ਠੰਢ ਵਿਚ ਕੰਬ ਰਹੇ ਹਾਂ ਤੇ ਜੈਕਟਾਂ ਪਾਈਆਂ ਹੋਈਆਂ ਹਨ, ਉਹ ਟੀ-ਸ਼ਰਟ ਪਾ ਕੇ ਯਾਤਰਾ ਕਰ ਰਹੇ ਹਨ।ਉਹ ਯੋਗੀ ਵਾਂਗ ਤਪੱਸਿਆ ਕਰ ਰਹੇ ਹਨ।

ਰਾਹੁਲ ਗਾਂਧੀ ਤੇ ਉਨ੍ਹਾਂ ਦੇ ਸਾਥੀ ਯਾਤਰੀ ਸ਼ਨੀਵਾਰ ਜਦੋਂ ਦਿੱਲੀ ਪੁੱਜੇ ਸਨ ਤਾਂ ਘੱਟੋ-ਘੱਟ ਤਾਪਮਾਨ ਪੰਜ ਡਿਗਰੀ ਸੈਲਸੀਅਸ ਤੋਂ ਥੱਲੇ ਆ ਗਿਆ ਸੀ ।ਖੁਰਸ਼ੀਦ ਨੇ ਰਾਮਾਇਣ ਦੇ ਪ੍ਰਸੰਗ ਦੇ ਹਵਾਲੇ ਨਾਲ ਇਹ ਵੀ ਕਿਹਾ ਸੀ—ਭਗਵਾਨ ਰਾਮ ਦੀਆਂ ਖੜਾਵਾਂ ਦੂਰ ਤੱਕ ਜਾਂਦੀਆਂ ਹਨ। ਕਦੇ-ਕਦੇ ਜਦ ਰਾਮ ਜੀ ਨਹੀਂ ਪਹੁੰਚ ਪਾਉਂਦੇ ਤਾਂ ਭਰਤ ਖੜਾਵਾਂ ਲੈ ਕੇ ਥਾਂ-ਥਾਂ ਜਾਂਦੇ ਹਨ। ਇੰਜ ਹੀ ਅਸੀਂ ਯੂ ਪੀ ਵਿਚ ਖੜਾਵਾਂ ਲਿਆਏ ਹਾਂ । ਹੁਣ ਜਦ ਯੂ ਪੀ ਵਿਚ ਖੜਾਵਾਂ ਪੁੱਜ ਗਈਆਂ ਹਨ ਤਾਂ ਰਾਮ ਜੀ (ਰਾਹੁਲ ਗਾਂਧੀ) ਵੀ ਆਉਣਗੇ ।

ਵੈਨਕੂਵਰ ਵਿੱਚ ਸਵੀਟ ਕਿੰਗ ਵਜੋਂ ਜਾਣਿਆ ਜਾਂਦਾ
ਪੰਜਾਬ ਸਵੀਟ ਹਾਊਸ
ਜਿੱਥੇ ਇੰਡੀਆ ਵਰਗੀ ਸਵਾਦ ਮਠਿਆਈ, ਲੱਡੂ, ਗਰਮਾ-ਗਰਮ ਜਲੇਬੀਆਂ ਅਤੇ ਭਾਂਤ-ਭਾਂਤ ਦੇ ਨਮਕੀਨ ਹਰ ਸਮੇਂ ਤਿਆਰ ਮਿਲਦੇ ਹਨ।
ਸਾਨੂੰ ਇੱਕ ਮਠਿਆਈਆਂ ਬਣਾਉਣ ਲਈ ਤਜਰਬੇਕਾਰ ਹਲਵਾਈ ਦੀ ਲੋੜ ਹੈ ਜਿਸ ਕੋਲ ਘਟੋ ਘਟ 5 ਸਾਲ ਦਾ ਤਜਰਬਾ ਹੋਵੇ।
WE NEED AN EXPERIENCED SWEETMAKER, WHICH ATLEAST HAVE 5 YEARS OF EXPERIENCE



ਗੁਰਦੁਆਰਾ ਸਾਹਿਬ, ਜਨਮ ਦਿਨ, ਵਿਆਹ ਸ਼ਾਦੀ ਦੀਆਂ ਪਾਰਟੀਆਂ ਲਈ ਖਾਸ ਡਿਸਕਾਊਂਟ ਵਧੀਆ ਸੇਵਾਂਵਾ ਲਈ ਫੋਨ ਕਰੋ
2 Locations to Serve you
#4-12818-72 Ave., Surrey, BC
604-591-7611
#8A-31205 Old Yale Rd., Abbotsford, BC
604-504-1761

ATLAS ANIMAL HOSPITAL
Open 24 Hours 7 Days a Week





• Animal Dermatology
• Pet Cardiology
• Pet Deworming
• Pet Ear Infection
• Pet Endocrine Diseases
• Pet Eye Infections
• Flea & Tick Control
• Pet Oral Infections
• Pet Allergies
• Pet Anal Gland Expression
• Vaccination
• Dental Cleaning
• Pet Grooming
• Nail Trimming
• Ear Cleaning
• Pet Boarding
• Puppy Training
• Veterinary Diets
• Behavioral Consultation
• Pet Identification
• End of Life

Dr. H. Bhullar & Associates
Tel: 604-301-0300
5696 Fraser St, Vancouver, BC, V5W 2Z4
www.atlasvetsinvancouver.com

# ਨਵਾਂ ਸਾਲ ਮੁਬਾਰਕ 2023 ! ! !

*Top Quality *Friendly Service * On Time & Free Delivery

ਲੋਕਾਂ ਦੀ ਪੁਰਜ਼ੋਰ ਮੰਗ ਤੇ ਪਾਲ ਨਰਵਾਲ ਅਤੇ ਪੈਟਰਿਕ ਨੇ ਖੋਲ੍ਹ ਦਿੱਤਾ ਹੈ 'ਫਰਨੀਚਰ ਲੀਕਿਊਡੇਟਰਜ' (77 ਐਵੇਨਿਊ ਤੇ 128 ਸਟਰੀਟ) ਦੀ ਨੁੱਕਰ ਤੇ ਜਿੱਥੋਂ ਤੁਸੀਂ ਉਨ੍ਹਾਂ ਦੇ ਆਪਣੇ ਬਣਾਏ ਹੋਏ ਬਾਕਸ ਬੈੱਡ, ਸੋਫਾ ਸੈੱਟ ਅਤੇ ਮੈਟਰੈੱਸ ਕੌਡੀਆਂ ਦੇ ਭਾਅ ਖਰੀਦੋ

# FIRST CHOICE FURNITURE LIQUIDATORS

7743-128St Surrey, BC (Opposite to Subway)




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ ਵਿਚ




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ, ਹਾਰਡ/ਮੀਡੀਅਮ/ਸੌਫਟ ਫੋਮ ਵਿਚ













Foam Mattress



Single $99 Double $129 Queen $149

Matresses



Single $149.⁰⁰ Double $249.⁰⁰ Queen $299.⁰⁰



ਗੌਦਰੇਜ ਦੀ ਅਲਮਾਰੀ ਕੀਮਤ $599.00

Paul Narwal & Patrick 604-503-4457 ਜਾਂ 236-868-1628

Continental Immigration Solutions
"Helping Make Canada Home"

MB BRAR & Co.
Accounting & Business Professionals

# ਸਾਰਿਆਂ ਨੂੰ ਨਵਾਂ ਸਾਲ ਮੁਬਾਰਕ

happy new year 2023

ੴ

MB BRAR & Co.
Accounting & Business Professionals

## INCOMETAX
## ਇਨਕਮ ਟੈਕਸ

Nil Income Still Eligible For Refunds.

E-file For Faster Refunds

ਸਾਨੂੰ ਵਧੀਆ ਅਤੇ ਭਰੋਸੇਯੋਗ ਸੇਵਾਵਾਂ ਲਈ ਮਿਲੋ:

For Prompt, Polite And Professional Services, Please See Us

**Mandeep Brar**
**778-908-3317**
mandeep@brarco.ca

Continental Immigration Solutions
"Helping Make Canada Home"

## Sukhvir Chand
RCIC, BBA

**Contact us for all type of Immigration Services**

**778-549-6851**
sukh@cisonline.ca

CAPIC ACCP
www.cisonline.ca
Commissioner of Oaths for British Columbia
Member of CAPIC

iccrc crcic

Unit 101 - 32883 South Fraser Way, Abbotsford British Columbia V2S 2A6 | Tel: 604-852-3201 | Fax: 604-852-3284







# ਸਾਰਿਆਂ ਨੂੰ ਨਵਾਂ ਸਾਲ ਮੁਬਾਰਕ

GF

# GolGappa™
FACTORY

## ਗੋਲਗੱਪਾ ਫੈਕਟਰੀ

***Freshest Golgappas in Town With 8 Flavour Water***

# WHOLESALE TO PUBLIC

ਟਾਊਨ ਵਿਚ 8 ਫਲੇਵਰਜ ਪਾਣੀ ਦੇ ਤਾਜੇ ਗੋਲਗੱਪੇ

**ਸਵੀਟ, ਖੱਟਾ ਮਿੱਠਾ, ਸਪਾਈਸੀ, ਫਰੈੱਸ਼ ਪੁਦੀਨਾ, ਜੀਰਾ, ਹਾਜਮੋਲਾ, ਹਿੰਗ ਐਂਡ ਗਾਰਲਿਕ**

**SWEET, KHATTA MEETHA, SPICY, FRESH PHUDINA, JEERA, HAJMOLA, HING & GARLIC.**

# 604.800.3064

**Unit-20 12468 82nd Ave., Surrey**




ਗਰੇਟ ਵੈਲਿਊ ਫੈਮਲੀ ਪੈਕ (80 ਪੀਸ)
ਗੋਲਗੱਪੇ ਆਲੂ ਚਨਾ & 1 ਲਿਟਰ ਪਾਣੀ
ਤੁਹਾਡੀ ਪਸੰਦ ਦਾ ਸਿਰਫ
**$ 24.99**

ਦੇਗ ਤੇਗ ਫਤਹਿ

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

**30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530**



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*29 ਦਸੰਬਰ ਦਿਨ ਵੀਰਵਾਰ ਆਰੰਭ ਸ੍ਰੀ ਅਖੰਡਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਸ. ਹਰਭਗਵਾਨ ਸਿੰਘ ਸਰਾਂ ਅਤੇ ਸ. ਹਰਦੀਪ ਸਿੰਘ ਬੁੱਟਰ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਹੋਵੇਗੀ।

*31 ਦਸੰਬਰ ਦਿਨ ਸ਼ਨਿਚਰਵਾਰ ਸੁਖਮਨੀ ਸਾਹਿਬ ਦੇ ਪਾਠ ਗੈਲਰੀ ਹਾਲ ਵਿਖੇ ਸਵੇਰੇ 7 ਵਜੇ, ਸ. ਜਾਨਕ ਸਿੰਘ ਪੰਧੇਰ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

ਗੁ. ਕਲਗੀਧਰ ਦਰਬਾਰ ਸਾਹਿਬ ਸੁਸਾਇਟੀ ਐਬਟਸਫੋਰਡ ਵੱਲੋਂ ਸਰਬੰਸ ਦਾਨੀ ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸਮੂਹ ਸੰਗਤਾਂ ਅਤੇ ਪ੍ਰਬੰਧਕ ਕਮੇਟੀ ਵੱਲੋਂ ਸ਼ਰਧਾ ਭਾਵਨਾ ਨਾਲ 5 ਜਨਵਰੀ 2023, ਦਿਨ ਵੀਰਵਾਰ ਨੂੰ ਮਨਾਇਆ ਜਾ ਰਿਹਾ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡਪਾਠ 3 ਜਨਵਰੀ ਦਿਨ ਮੰਗਲਵਾਰ ਨੂੰ ਮੇਨ ਹਾਲ ਵਿੱਚ ਸਵੇਰੇ 9 ਵਜੇ ਪ੍ਰਕਾਸ਼ ਕੀਤੇ ਜਾਣਗੇ ਅਤੇ 5 ਜਨਵਰੀ 2023, ਦਿਨ ਵੀਰਵਾਰ ਨੂੰ ਸਵੇਰੇ 9 ਵਜੇ ਸਮਾਪਤੀ ਉਪਰੰਤ ਭੋਗ ਪਾਏ ਜਾਣਗੇ।ਮੇਨ ਹਾਲ ਵਿੱਚ ਰਾਗੀ ਢਾਡੀ ਅਤੇ ਕਥਾਵਾਚਕ ਸਿੰਘਾਂ ਵੱਲੋ ਸੰਗਤਾਂ ਨੂੰ ਗੁਰ ਇਤਿਹਾਸ ਅਤੇ ਗੁਰਬਾਣੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ, ਬਰੈੱਡ ਪਕੌੜੇ ਅਤੇ ਦੇਸੀ ਘਿਓ ਦੀਆਂ ਜਲੇਬੀਆਂ ਦਾ ਅਟੁੱਟ ਲੰਗਰ ਤਿੰਨੇ ਦਿਨ ਚਲਾਇਆ ਜਾਵੇਗਾ।ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸਮੇਂ ਸਿਰ ਪਰਿਵਾਰਾਂ ਸਮੇਤ ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ।

**ਨੋਟ:ਭਾਈ ਹਰਜਿੰਦਰ ਸਿੰਘ ਜੀ ਢਪਾਲੀ ਦਸੰਬਰ ਦਾ ਮਹੀਨਾ ਗੁਰਬਾਣੀ ਕਥਾ ਦੁਆਰਾ ਨਿਹਾਲ ਕਰਨਗੇ।**

**ਸਮੂਹ ਸੰਗਤਾਂ ਵੱਧ ਤੋਂ ਵੱਧ ਹਾਜ਼ਰੀ ਭਰਕੇ ਲਾਹਾ ਪ੍ਰਾਪਤ ਕਰੋ ਜੀ**

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

*ਰਾਗੀ ਜਥਾ -ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ

*ਕਥਾ ਵਾਚਕ -ਪੰਥ ਦੇ ਪ੍ਰਸਿੱਧ ਕਥਾਵਾਚਕ ਭਾਈ ਜੈਵੀਰ ਸਿੰਘ (ਰੋਪੜ ਵਾਲੇ)

*ਰਾਗੀ ਜਥਾ ਭਾਈ ਭਗਤਜੀਤ ਸਿੰਘ ਜੀ ਜਲੰਧਰ ਵਾਲੇ

*ਢਾਡੀ ਜਥਾ-ਕੁਲਜਿੰਦਰ ਸਿੰਘ ਯੋਗੀ ਪਿੰਡ ਕੈਲਪੁਰ (ਲੁਧਿਆਣਾ)

### ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ(ਸੈਕਟਰੀ):778-908-1570

ਗਿਆਨੀ ਬਲਰਾਜ ਸਿੰਘ (ਗ੍ਰੰਥੀ):236-887-5274, ਗਿ. ਨਵਜੋਤ ਸਿੰਘ ਜੀ(ਗ੍ਰੰਥੀ):226-509-6600

(ਸਫਾ ਏ16 ਦੀ ਬਾਕੀ)

ਗ੍ਰੰਥ ਸਾਹਿਬ ਹਨ। ਸੋ ਅਸੀਂ ਸ਼੍ਰੀ ਮੋਦੀ ਦੇ ਪੈਂਫਲਿਟ ਦੀ ਉਸ 'ਮਾਰਗ ਦਰਸ਼ਕ' ਸ਼ਬਦਾਵਲੀ ਦਾ ਭੀ ਖੰਡਨ ਕਰਦੇ ਹਾਂ। ਉਸ ਕਿਤਾਬਚੇ ਵਿਚ ਲਿਖਿਆ ਹੈ, ''ਅਸਲੀਅਤ ਵਿਚ, ਸਿੱਖ ਧਰਮ ਦੀ ਪੰਜਾਬ ਵਿਚ ਸਥਾਪਤੀ, ਸਨਾਤਨ ਧਰਮ (ਹਿੰਦੂ ਮਤ ਸਿਧਾਂਤ) ਨੂੰ ਮੁਗਲਾਂ ਤੋਂ ਬਚਾਉਣਾ ਸੀ। ਸਿੱਖ ਧਰਮ ਦੇ ਕਾਸ਼ੀ ਨਾਲ ਬਹੁਤ ਡੂੰਘੇ ਬੰਧਨ ਹਨ, ਕਿਉਂਕਿ ਇਹ ਸਨਾਤਨ ਧਰਮ ਦੀ ਰੂਹਾਨੀ ਰਾਜਧਾਨੀ ਹੈ।'' ਅਗਾਂਹ ਦਾਅਵਾ ਹੈ, ''ਜਿਨ੍ਹਾਂ ਪਿਆਰਿਆਂ ਰਾਹੀਂ ਗੁਰੂ ਗੋਬਿੰਦ ਸਿੰਘ (ਦਸਵੇਂ ਗੁਰੂ) ਨੇ ਖਾਲਸਾ ਪੰਥ ਦੀ ਸਾਜਨਾ ਕੀਤੀ, ਸ਼ਰਧਾ ਅਨੁਸਾਰ ਉਨ੍ਹਾਂ ਨੂੰ ਪਹਿਲਾਂ ਕਾਸ਼ੀ ਭੇਜਿਆ ਗਿਆ, ਤਾਂ ਕਿ ਉਹ ਸਨਾਤਨ ਧਰਮ ਬਾਰੇ ਪੂਰਾ ਗਿਆਨ ਪ੍ਰਾਪਤ ਕਰਨ ਅਤੇ ਇਸ ਦੀ ਰੱਖਿਆ ਲਈ ਤਿਆਰ ਹੋਣ''। ਸੋ, ''ਸ਼ਰਧਾ ਅਨੁਸਾਰ ਸਿੱਖ ਧਰਮ ਦੇ ਕਾਸ਼ੀ ਨਾਲ ਅਸੀਮ/ਅਨੰਤ ਸੰਬੰਧ ਹਨ ਕਿਉਂਕਿ ਪੰਜ ਪਿਆਰਿਆਂ ਨੇ ਇਥੋਂ ਧਾਰਮਿਕ ਵਿਦਿਆ ਪ੍ਰਾਪਤ ਕੀਤੀ ਸੀ''। ਇਹ ਕੂੜ ਕਿਵਾਰ ਤੇ ਕੁਫਰ ਸਭ ਹੱਦਾਂ ਪਾਰ ਕਰ ਗਿਆ ਹੈ। ਇਸ ਨੇ ਖੰਡੇ-ਬਾਟੇ ਦੀ ਪਾਹੁਲ ਤੇ ਖਾਲਸਾ ਸਾਜਨਾ ਦਾ ਹਿੰਦੂਤਵੀ ਕਰਨ ਕਰ ਦਿੱਤਾ ਹੈ। ਹੁਣ ਸਾਹਿਬਜ਼ਾਦਿਆਂ ਨੂੰ ਬਾਬਿਆਂ ਤੇ ਸ਼ਹੀਦਾਂ ਤੋਂ ਬਾਲ ਤੇ ਬਹਾਦਰ ਤੱਕ ਸੀਮਤ ਕਰ ਦੇਣਾ ਆਰੰਭ ਹੋਣ ਜਾ ਰਿਹਾ ਹੈ। ਸਿੱਖੋ ਜਾਗੋ। ਕੀ ਅਗਲੀ ਗੱਲ ਤਾਂ ਸਿੱਖਾਂ ਦੀ ਆਪਸ ਵਿਚ ਖਾਨਾਜੰਗੀ ਕਰਾਉਣ ਦੀ ਨਹੀਂ ਹੋ ਸਕਦੀ? ਗੁਰਬਾਣੀ, ਗੁਰੂ ਇਤਿਹਾਸ ਤੇ ਤਿੰਨਾ ਘੱਲੂਘਾਰਿਆਂ ਤੇ ਸਮੁੱਚੇ ਵਿਰਸੇ ਉੱਤੇ ਝਾਤ ਮਾਰੋ। ਹੋ ਸਕਦਾ ਹੈ ਹਿੰਦੂਤਵੀਆਂ ਲਈ ਕਾਸ਼ੀ ਦੀ ਬਹੁਤ ਮਹਾਨਤਾ ਹੋਵੇ। ਪਰ ਇਸ ਨੇ ਆਮ ਭਾਰਤੀ ਲੋਕਾਂ ਦੇ ਜੀਵਨ ਸੁਧਾਰ ਵਿਚ ਕਿਹੜਾ ਤੇ ਕਿਵੇਂ ਰੋਲ ਅਦਾ ਕੀਤਾ ਤੇ ਕਦੋਂ? ਇਹ ਸਰਕਾਰ ਤਾਂ ਹੈ ਹੀ ਧਨੀਆਂ ਦੀ ਤੇ ਲੋਕਾਂ ਦੇ ਹੱਕਾਂ ਉਪਰ ਛਾਪੇ ਮਾਰਨ ਤੇ ਦੇਸ਼ ਧਰੋਹੀ ਦੇ ਦੂਸ਼ਨ ਲਾਉਣ ਵਾਲੀ। ਇਸ ਸਰਕਾਰ ਨੇ ਅੰਗਰੇਜ਼ਾਂ ਵਿਰੁੱਧ ਆਪਣੀ ਦੇਸ਼ ਭਗਤੀ ਬਾਰੇ ਨਹੀਂ ਦੱਸਿਆ? ਕੀ ਇਨ੍ਹਾਂ ਚਉਧਰੀਆਂ ਉਪਰ ਭੀ ਉਸ ਸਮੇਂ ਦੇ ਦੇਸ਼ ਧਰੋਹੀ ਦੇ ਦੋਸ਼ ਲੱਗ ਸਕਦੇ ਹਨ ਕਿ ਨਹੀਂ? ਦਸਵੇਂ ਗੁਰੂ ਜੀ ਤਾਂ ਆਪ ਸੰਸਕ੍ਰਿਤ, ਹਿੰਦੀ, ਪੰਜਾਬੀ, ਫਾਰਸੀ ਆਦਿ ਦੇ ਮਾਹਰ ਸਨ। ਕਾਸ਼ੀ ਦਾ ਤਾਂ ਸਿੱਖ ਧਰਮ ਵਿਚ ਕੋਈ ਸਥਾਨ ਹੀ ਨਹੀਂ। ਬਿੱਪਰ ਦੇ ਪਹਿਲੇ ਕਲਪਿਤ ਕਹਾਣੀਆਂ, ਕਥਿਤ ਮਹਾਂ ਯੁਧਾਂ ਤੇ ਮਹਾਂ ਰਾਜਾਂ ਬਾਰੇ ਪੜ੍ਹੋ ਤੇ ਅਜੋਕੇ ਬਿਰਤਾਤਾਂ ਦੀ ਚੀਰ-ਫਾੜ ਕਰੋ ਕਿ ਉਹ ਸਿੱਖੀ ਦਾ ਕਿਵੇਂ ਬਿਪਰੀਕਰਣ ਕਰਨ ਜਾ ਰਹੇ ਹਨ। ਅਜੋਕੇ ਸੱਤਾਧਾਰੀ ਦਿੱਲੀ ਵਿਚ 1984 ਦੇ ਜੈਨੋਸਾਈਡ (ਕੁਲਨਾਸ਼) ਦੀ ਗਿਣਤੀ ਭੀ ਕੁੱਝ ਸੈਂਕੜੇ ਹੀ ਦੱਸਣ ਲੱਗੇ ਹਨ। ਹੁਣ ਇਨ੍ਹਾਂ ਕੁੱਝ ਵਿਅਕਤੀਆਂ ਦੀ ਉਸ ਵਿਚ ਸ਼ਮੂਲੀਅਤ ਦੀ ਚਰਚਾ ਭੀ ਹੋ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭੀ ਸ਼੍ਰੀ ਮੋਦੀ ਵੱਲੋਂ ''ਵੀਰ ਬਾਲ ਦਿਵਸ'' ਗਰਦਾਨਣ ਤੇ ਮਨਾਉਣ ਦਾ ਠੋਕਵਾਂ ਖੰਡਨ ਨਹੀਂ ਕੀਤਾ। ਇਹ ਗੱਲ ਸਿਰਫ ਸਿੱਖ ਵਿਰਸੇ, ਸਿੱਖ ਸ਼ਹੀਦੀਆਂ ਤੇ ਸਿੱਖ ਬਾਬਿਆਂ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਨੂੰ ਭੀ ਛੋਟਾ ਕਰਨਾ ਤੇ ਹਿੰਦੂਤਵੀ ਸਾਂਚੇ ਵਿਚ ਢਾਲਣਾ ਹੈ। ਇਨ੍ਹਾਂ ਨੇ 2019 ਵਿਚ ਵਿਦੇਸ਼ਾਂ ਵਿਚ ਗੁਰੂ ਨਾਨਕ ਜੀ ਦੇ ਨਾਮ ਉਪਰ ਵਿਸ਼ਵ ਵਿਦਿਆਲਿਆਂ ਵਿਚ ਸਿੱਖ ਚੇਅਰਜ਼ ਦੀ ਸਥਾਪਤੀ ਲਈ ਬੜਾ ਜ਼ੋਰ ਲਾਇਆ, ਤਾਂ ਕਿ ਵਿਦੇਸ਼ਾਂ ਵਿਚ ਗੁਰੂ ਨਾਨਕ ਜੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਭੀ ਹਿੰਦੂਤਵੀ ਸਾਂਚੇ ਵਿਚ ਢਾਲ ਕੇ ਪੜ੍ਹਾਉਣ ਵਾਲੇ ਨਿਯੁਕਤ ਕੀਤੇ ਜਾਣ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁਰੂ ਨਾਨਕ ਜੀ ਦੀ ਰਾਮ ਤੀਰਥ ਯਾਤਰਾ, ਸਿੱਖ ਧਰਮ ਨੂੰ ਕਲਟ ਲਿਖਣਾ ਅਤੇ ਪੰਜ ਪਿਆਰਿਆਂ ਨੂੰ ਕਾਂਸ਼ੀ ਨਾਲ ਜੋੜਨਾ ਤੇ ਖਾਲਸਾ ਨੂੰ ਸਿਰਫ ਹਿੰਦੂ ਧਰਮ ਦੀ ਰੱਖਿਆ ਲਈ ਤੇ ਫੌਜ ਆਦਿ ਦਰਸਾਉਣ ਦਾ ਖੰਡਨ ਕਰਨਾ ਚਾਹੀਦਾ ਸੀ ਤੇ ਕੇਸ ਕਰਨੇ ਚਾਹੀਦੇ ਸਨ। ਸਿੱਖ ਧਰਮ ਨੂੰ ਕਲਟ ਗਰਦਾਨਣ ਦੇ ਮਸਲੇ ਉਪਰ ਭੀ ਕਾਨੂੰਨੀ ਕਾਰਵਾਈ ਕਰਨੀ ਜ਼ਰੂਰੀ ਸੀ ਤੇ ਹੈ। ਸਿੱਖੀ, ਸਿੱਖ ਪੰਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਨ-ਸ਼ਾਨ, ਅਣਖ ਤੇ ਹੋਂਦ ਸਭ ਬਾਤਾਂ ਤੋਂ ਉਪਰ ਤੇ ਜ਼ਿਆਦਾ ਅਹਿਮ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀਵਨ ਆਧਾਰ ਤੇ ਸਿਰਮੌਰ ਹੈ ਅਤੇ ਹੋਣੇ ਚਾਹੀਦੇ। ਸਿੱਖ ਨਿਰਮਲ ਪੰਥ ਭੀ ਅਹਿਮ ਹੈ। ਅਜੇ ਭੀ ਸਮਾਂ ਹੈ ਕਿ ਸਮੇਂ ਤੇ ਹਾਲਾਤ ਨੂੰ ਸਮਝੋ, ਪੰਥ ਤੇ ਗੁਰੂ ਲਈ ਹਰ ਲੋੜੀਂਦਾ ਕਦਮ ਉਠਾਉ। ਜੇ ਹੁਣ ਕੋਈ ਠੋਸ ਕਦਮ ਨਾ ਉਠਾਇਆ ਅਤੇ ਸੰਘ ਪਰਿਵਾਰ ਦੇ ਵਧ ਰਹੇ ਹਮਲਿਆਂ, ਵਿਉਂਤਾਂ ਦਾ ਮੂੰਹ ਤੋੜਵਾਂ ਜਵਾਬ ਨਾ ਦਿੱਤਾ, ਤਾਂ ਇਤਿਹਾਸ, ਤੁਹਾਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਵੱਡੀਆਂ ਸਿੱਖ ਜਥੇਬੰਦੀਆਂ ਨੂੰ ਮੁਆਫ ਨਹੀਂ ਕਰੇਗਾ। ਅਸਲ ਵਿਚ ਭਾਰਤੀ ਵਿਧਾਨ ਦੀ ਧਾਰਾ 25, ਦੋ ਬੀ ਸਾਰੇ ਸੰਕਟ ਤੇ ਪੁਆੜੇ ਦੀ ਜੜ੍ਹ ਹੈ, ਜੋ ਸਿੱਖ ਨੂੰ ਹਿੰਦੂ ਗਰਦਾਨਦੀ ਹੈ। (ਇਸ ਬਾਰੇ ਜੁਦਾ) ''ਜੀਵਦਿਆ ਮਰੁ ਮਾਰਿ ਨ ਪਛੋਤਾਇਐ।।'' (ਸ.ਗ.ਗ.ਸ. : ਪੰਨਾ - 147)

(ਸਫਾ ਏ17 ਦੀ ਬਾਕੀ)

ਟਾਈਮ ਡਿਸਟੌਰਸ਼ਨ ਮਾਪਣ ਲਈ ਆਪਟੀਕਲ ਘੜੀਆਂ ਪਹਿਲਾਂ ਹੀ ਵਰਤੀਆਂ ਜਾ ਰਹੀਆਂ ਹਨ।ਆਪਟੀਕਲ ਘੜੀਆਂ ਇੰਨੀਆਂ ਸਹੀ ਹਨ ਕਿ ਇੱਕ ਸੈਂਟੀਮੀਟਰ ਤੱਕ ਦੀ ਉਚਾਈ ਦੇ ਫ਼ਰਕ 'ਤੇ ਪਈਆਂ ਦੋ ਘੜੀਆਂ ਵਿਚਕਾਰ ਫਰਕ ਵੀ ਦਿਖਾ ਸਕਦੀਆਂ ਹਨ।ਅਜਿਹਾ ਇਸ ਲਈ ਕਿਉਂਕਿ ਧਰਤੀ ਦੇ ਗੁਰੂਤਾਆਕਰਸ਼ਨ ਕਰਕੇ ਸਮਾਂ ਸਮੁੰਦਰੀ ਤਲ 'ਤੇ ਪਹਾੜਾਂ ਨਾਲ਼ੋਂ ਹੌਲੀ ਚਲਦਾ ਹੈ।ਇਹ ਅਤਿ-ਸਹੀ ਘੜੀਆਂ ਰਹੱਸਮਈ 'ਡਾਰਕ ਮੈਟਰ' ਨੂੰ ਵੀ ਖੋਜ ਸਕਦੀਆਂ ਹਨ, ਅਜਿਹਾ ਘਟਕ ਜਿਸ ਨਾਲ 25 ਫੀਸਦੀ ਬ੍ਰਹਿਮੰਡ ਬਣਿਆ ਹੋਇਆ ਹੈ ਪਰ ਜਿਸ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਹੈ।ਇਸ ਤਕਨੀਕ ਨਾਲ, ਵਿਗਿਆਨੀ ਕੁਝ ਅਜਿਹਾ ਲੱਭ ਸਕਦੇ ਹਨ ਜੋ ਆਮ ਪਦਾਰਥ (ਮੈਟਰ) ਅਤੇ ਸਪੇਸ-ਟਾਈਮ ਨੂੰ ਪ੍ਰਭਾਵਿਤ ਕਰ ਸਕਦਾ ਹੈ।ਉਹ ਮੁਢਲੀਆਂ ਗੁਰੂਤਾਆਕਰਸ਼ਨ ਤਾਰੰਗਾਂ ਸਬੰਧੀ ਸੁਰਾਗ ਦੇ ਸਕਦਾ ਹੈ ਜੋ ਸਪੇਸ-ਟਾਈਮ ਦਾ ਅਕਾਰ ਬਦਲਣ ਵਾਲੇ ਬਿਗ ਬੈਂਗ ਦੀਆਂ ਧੁਨਾਂ ਹਨ ਹੈ, ਝੀਲ ਵਿੱਚ ਸੁੱਟੇ ਪੱਥਰ ਦੀ ਤਰ੍ਹਾਂ ਹੈ।ਪਰਮਾਣੂ ਘੜੀਆਂ ਉਨ੍ਹਾਂ ਬਦਲਾਵਾਂ ਨੂੰ ਲੱਭ ਸਕਦੀਆਂ ਹਨ ਅਤੇ ਸਾਨੂੰ ਬ੍ਰਹਿਮੰਡ ਦੇ ਮੂਲ(ਸ਼ੁਰੂਆਤ) ਬਾਰੇ ਹੋਰ ਸੁਰਾਗ ਦੇ ਸਕਦੀਆਂ ਹਨ।




# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

## ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਦਸੰਬਰ ਮਹੀਨੇ ਦੇ ਪ੍ਰੋਗਰਾਮ



ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦੀ ਦਿਹਾੜਾ ਛੋਟੇ ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਜੀ ਅਤੇ ਜਨਮ ਦਿਹਾੜਾ ਸ. ਊਧਮ ਸਿੰਘ ਸੁਨਾਮ ਦਾ ਮਨਾਇਆ ਜਾਵੇਗਾ ਅਤੇ ਤਿੰਨ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ:

1. ਅਖੰਡਪਾਠ ਮੁੱਦਕੀ ਦੀ ਜੰਗ ਦੇ ਸ਼ਹੀਦਾਂ ਦੀ ਯਾਦ ਵਿਚ ਨਗਰ ਮੁੱਦਕੀ ਦੀਆਂ ਸੰਗਤਾਂ ਵੱਲੋਂ
2. ਭਾਈ ਹਰਜਿੰਦਰ ਸਿੰਘ ਭੰਗੂ ਪਰਿਵਾਰ ਵੱਲੋਂ 3. ਭਾਈ ਜਸਪਾਲ ਸਿੰਘ ਹੀਰ ਟਿਪਟੌਪ ਦੇ ਵਰਕਰਾਂ ਵੱਲੋਂ

ਇਹ ਤਿੰਨੇ ਅਖੰਡਪਾਠ ਸਾਹਿਬ 30 ਦਸੰਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 1 ਜਨਵਰੀ ਦਿਨ ਐਤਵਾਰ ਨੂੰ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*30 ਦਸੰਬਰ ਦਿਨ ਸ਼ੁੱਕਰਵਾਰ ਅੰਤਮ ਸਸਕਾਰ ਭਾਈ ਕੁਲਦੀਪ ਸਿੰਘ ਰਾਏ ਬਾਦ ਦੁਪਹਿਰ 2.30 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ।ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਗਏ ਸਹਿਜਪਾਠ ਦੇ ਭੋਗ ਤੇ ਅੰਤਮ ਅਰਦਾਸ ਸ਼ਾਮ 4 ਵਜੇ ਹੋਵੇਗੀ।

*31 ਦਸੰਬਰ ਦਿਨ ਸ਼ਨਿਚਰਵਾਰ ਸਵੇਰ ਦੇ ਕੀਰਤਨ ਤੇ ਲੰਗਰਾਂ ਦੀ ਸੇਵਾ ਭਾਈ ਲਹਿੰਬਰ ਸਿੰਘ ਪਰਿਵਾਰ ਵੱਲੋਂ ਬੱਚੀ ਅੰਜਨੀ ਕੌਰ ਔਜਲਾ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।

*31 ਦਸੰਬਰ ਦਿਨ ਸ਼ਨਿਚਰਵਾਰ ਅੰਤਮ ਸਸਕਾਰ ਸਵ. ਸਤਨਾਮ ਸਿੰਘ ਮਲਨ ਬਾਦ ਦੁਪਹਿਰ 2.00 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ।ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਗਏ ਸਹਿਜਪਾਠ ਦੇ ਭੋਗ ਤੇ ਅੰਤਮ ਅਰਦਾਸ ਸ਼ਾਮ 3.30 ਵਜੇ ਹੋਵੇਗੀ।

*31 ਦਸੰਬਰ ਦਿਨ ਸ਼ਨਿਚਰਵਾਰ ਨੂੰ ਨਵੇਂ ਸਾਲ ਦੀ ਆਮਦ ਤੇ ਰਾਤ 12 ਵਜੇ ਤੱਕ ਕੀਰਤਨ ਹੋਣਗੇ।ਸੰਗਤਾਂ ਵੱਲੋਂ ਨਵੇਂ ਸਾਲ ਨੂੰ ਜੀ ਆਇਆਂ ਆਖਿਆ ਜਾਵੇਗਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਹੋਵੇਗੀ।

*01 ਜਨਵਰੀ ਨੂੰ ਸਾਰਾ ਦਿਨ ਕੀਰਤਨ ਕਥਾ ਅਤੇ ਢਾਡੀ ਵਾਰਾਂ ਦਾ ਪ੍ਰਵਾਹ ਚੱਲੇਗਾ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਹਰਭਜਨ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 778-713-5121, 604-590-3224, ਫੈਕਸ:604-572-3276**

# ਸਿਹਤ ਸੰਬੰਧੀ



# ਗੋਡਿਆਂ ਦੀ ਦਰਦ ਅਤੇ ਹੋਮਿਓਪੈਥੀ

ਆਪਣੀ ਬਣਤਰ ਕਾਰਨ ਮਨੁੱਖ ਦੇ ਗੋਡੇ ਸਿਰਫ਼ ਅੱਗੇ ਜਾਂ ਪਿੱਛੇ ਨੂੰ ਹੀ ਮੁੜ ਸਕਦੇ ਹਨ। ਗੋਡਿਆਂ ਵਿੱਚ ਚੰਦਰਮਾ ਆਕਾਰ ਦੀ ਝਿੱਲੀ ਅਤੇ ਦੋਵਾਂ ਪਾਸੇ ਲਿਗਾਮੈਂਟਸ ਤੋਂ ਇਲਾਵਾ ਅੰਦਰੂਨੀ ਲਿਗਾਮੈਂਟ ਵੀ ਹੁੰਦੀ ਹੈ। ਗੋਡਿਆਂ ਦੀਆਂ ਆਮ ਅਲਾਮਤਾਂ ਵਿੱਚ ਝਟਕਾ ਲੱਗਣਾ, ਖਿਚਾਅ ਅਤੇ ਦਬਾਅ ਪੈਣਾ ਸ਼ਾਮਲ ਹਨ। ਗੋਡੇ ਦੀ ਦਰਦ ਜਾਂ ਤਕਲੀਫ਼ ਠੀਕ ਹੋਣ ਨੂੰ ਲੰਮਾ ਸਮਾਂ ਲੱਗ ਜਾਂਦਾ ਹੈ। ਗੋਡਿਆਂ ਦੇ ਜੋੜਾਂ ਦੀ ਸੋਜਸ਼ ਦੀ ਬਿਮਾਰੀ ਜਿਸ ਵਿੱਚ ਸਾਇਨੋਵਾਈਟੀਜ਼, ਬਰਸਾਈਟੀਜ਼ ਅਤੇ ਰੋਮਾਟੋਇਡ ਅਰਥਰਾਇਟਿਸ ਹੋ ਸਕਦਾ ਹੈ। ਬਾਰ-ਬਾਰ ਹੋਣ ਵਾਲੀ ਘਿਸਾਈ ਕਾਰਣ ਗੋਡਿਆਂ ਦੀ ਆਸਟਿਓਆਰਥਰਾਇਟਿਸ ਦੀ ਬਿਮਾਰੀ ਵੀ ਹੋ ਜਾਂਦੀ ਹੈ। ਇਸ ਬਿਮਾਰੀ ਦੇ ਲੱਛਣਾਂ ਵਿੱਚ ਸ਼ਾਮਲ ਹਨ: ਜੋੜ ਦੀ ਸੋਜਸ਼, ਹੱਡੀਆਂ ਦੀ ਆਪਸ ਵਿੱਚ ਰਗੜ, ਗੋਡੇ ਦੇ ਜੋੜ ਦਾ ਖੜ੍ਹ ਜਾਣਾ ਜਾਂ ਲੌਕ ਹੋ ਜਾਣਾ, ਤੁਰਨ-ਫ਼ਿਰਨ ਵਿੱਚ ਅਸਮਰੱਥ ਹੋਣਾ ਅਤੇ ਗੋਡੇ ਦੇ ਪੱਠਿਆਂ ਦਾ ਨਸ਼ਟ ਹੋਣਾ। ਗੋਡਿਆਂ ’ਤੇ ਕੋਈ ਸੱਟ ਲੱਗਣ ਕਾਰਣ, ਐਕਸੀਡੈਂਟ ਕਾਰਣ ਜਾਂ ਕੰਮ ’ਤੇ ਗੋਡਿਆਂ



ਦੇ ਖ਼ਾਸ ਇਸਤੇਮਾਲ ਕਾਰਣ ਕਈ ਤਰ੍ਹਾਂ ਦੀਆਂ ਤਕਲੀਫ਼ਾਂ ਹੋ ਸਕਦੀਆਂ ਹਨ। ਐਕਸੀਡੈਂਟ ਕਾਰਣ ਹੱਡੀ ਦੀ ਟੁੱਟ-ਭੱਜ ਜਾਂ ਮਨਿਸਕਸ ਅਤੇ ਲਿਗਾਮੈਂਟਸ ਵਿੱਚ ਆਈ ਤਰੇੜ ਕਾਰਣ ਜਿੱਥੇ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੁੰਦੀ ਹੈ, ਉੱਥੇ ਹੀ ਪੀੜਤ ਮਨੁੱਖ ਨੂੰ ਇਲਾਜ ਤੋਂ ਬਾਅਦ ਵੀ ਗੋਡਿਆਂ ਦੇ ਦਰਦ ਸੰਬੰਧੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਸਤਾਉਂਦੀਆਂ ਰਹਿੰਦੀਆਂ ਹਨ। ਜੇ ਇਨ੍ਹਾਂ ਸਮੱਸਿਆਵਾਂ ਦਾ ਢੁਕਵਾਂ ਇਲਾਜ ਨਾ ਕੀਤਾ ਜਾਵੇ ਤਾਂ ਉਹ ਚਿਰਕਾਲੀ ਬਣਨ ਤੋਂ ਬਾਅਦ ਹੋਰ ਵੀ ਗੰਭੀਰ ਰੂਪ ਲੈ ਸਕਦੀਆਂ ਹਨ। ਇਹ ਜ਼ਰੂਰੀ ਨਹੀਂ ਕਿ ਗੋਡਿਆਂ ਦੀ ਦਰਦਾਂ ਸਿਰਫ਼ ਉਪਰੋਕਤ ਕਾਰਣਾਂ ਨਾਲ ਹੀ ਜੁੜਿਆਂ ਹੋਣ। ਕਿਸੇ ਵਿਅਕਤੀ ਦੀਆਂ ਖਾਣ-ਪੀਣ ਦੀਆਂ ਆਦਤਾਂ, ਕਸਰਤ ਦੀ ਘਾਟ, ਲੋੜ ਨਾਲੋਂ ਜ਼ਿਆਦਾ ਵਜ਼ਨ, ਸਮੁੱਚੀ ਜੀਵਨ-ਸ਼ੈਲੀ ਅਤੇ ਵਧਦੀ ਉਮਰ ਨਾਲ ਸੰਬੰਧਤ ਹੋਰ ਕਈ ਸਮੱਸਿਆਵਾਂ ਵੀ ਗੋਡਿਆਂ ਦੇ ਦਰਦ ਦਾ ਕਾਰਣ ਹੋ ਸਕਦੀਆਂ ਹਨ।

ਸਰੀਰ ਦਾ ਸਾਰਾ ਭਾਰ ਗੋਡਿਆਂ ਅਤੇ ਪੈਰਾਂ ਨੇ ਹੀ ਚੁੱਕਣਾ ਹੁੰਦਾ ਹੈ। ਇਸ ਲਈ ਸਰੀਰ ਦਾ ਆਦਰਸ਼ ਭਾਰ ਗੋਡਿਆਂ ਦੀ ਚੰਗੀ ਸਿਹਤ ਦਾ ਆਧਾਰ ਬਣਦਾ ਹੈ। ਗੋਡਿਆਂ ਦੀਆਂ ਦਰਦਾਂ ਮੌਸਮ ਤੋਂ ਵੀ ਪ੍ਰਭਾਵਿਤ ਹੁੰਦੀਆਂ ਹਨ। ਠੰਢ ਅਤੇ ਸਲ੍ਹਾਬੇ ਦੇ ਮੌਸਮ ਵਿੱਚ ਬੈਰੋਮਿਟਰਕ




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579

ਪ੍ਰੈਸ਼ਰ ਘੱਟ ਹੋਣ ਨਾਲ ਇਹ ਦਰਦਾਂ ਵੱਧ ਹੁੰਦੀਆਂ ਹਨ ਅਤੇ ਗਰਮ ਅਤੇ ਖ਼ੁਸ਼ਕ ਮੌਸਮ ਵਿੱਚ ਵੱਧ ਪ੍ਰੈਸ਼ਰ ਕਾਰਣ ਇਹ ਦਰਦਾਂ ਘੱਟ ਹੋ ਜਾਂਦੀਆਂ ਹਨ। ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਗੋਡਿਆਂ ਦਾ ਦਰਦ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਉਂਝ ਤਾਂ ਇਹ ਬਿਮਾਰੀ ਕਿਸੇ ਵੀ ਉਮਰ ਵਿੱਚ ਹੋ ਸਕਦੀ ਹੈ ਪਰ ਆਮ ਤੌਰ ’ਤੇ 40-55 ਦੇ ਉਮਰ ਦੇ ਪੜਾਅ ਵਿੱਚ ਇਸ ਦੀ ਸ਼ੁਰੂਆਤ ਹੁੰਦੀ ਵੇਖੀ ਗਈ ਹੈ। ਇਸ ਦੀ ਜਕੜ ਵਿੱਚ ਆਇਆ ਪੀੜਤ ਵਿਅਕਤੀ ਆਪਣੇ ਆਪ ਨੂੰ ਅਪਾਹਜ ਵਾਂਗ ਮਹਿਸੂਸ ਕਰਨ ਲੱਗਦਾ ਹੈ ਅਤੇ ਇਸ ਤਰ੍ਹਾਂ ਸਰੀਰਕ ਪੱਧਰ ਦੀ ਬਿਮਾਰੀ ਕਾਰਣ ਲੱਛਣਾਂ ਦੀ ਹੋਂਦ ਪੀੜਤ ਵਿਅਕਤੀ ਦੇ ਮਨ ਉੱਤੇ ਵੀ ਭੈੜਾ ਅਸਰ ਕਰਨ ਲੱਗਦੀ ਹੈ। ਪੌੜੀਆਂ ਚੜ੍ਹਨ-ਉੱਤਰਨ ਵਿੱਚ ਮੁਸ਼ਕਲ, ਬਜ਼ਾਰ ਜਾਣ ਵਿੱਚ ਮੁਸ਼ਕਲ, ਤੁਰਨ ਵਿੱਚ ਪਰੇਸ਼ਾਨੀ ਅਤੇ ਥਕਾਵਟ ਦੇ ਅਹਿਸਾਸ ਨੇ ਨਾਲ-ਨਾਲ ਜੀਵਨ ਦੀ ਉੱਤਮਤਾ ਵੀ ਪ੍ਰਭਾਵਿਤ ਹੁੰਦੀ ਹੈ।

ਜਿਨ੍ਹਾਂ ਵਿਅਕਤੀਆਂ ਵਿੱਚ ਇਸ ਰੋਗ ਦਾ ਅਸਰ ਗੰਭੀਰ ਰੂਪ ਧਾਰਨ ਕਰ ਜਾਵੇ ਤਾਂ ਇਹ ਮਰੀਜ਼ ਨੂੰ ਅਪੰਗ ਵੀ ਕਰ ਸਕਦਾ ਹੈ।

**ਬਚਾਅ:** ਮੋਟਾਪਾ ਗੋਡਿਆਂ ਦੀਆਂ ਦਰਦਾਂ ਦਾ ਸਭ ਤੋਂ ਵਡਾ ਕਾਰਣ ਹੈ। ਇਸ ਲਈ ਮੋਟਾਪੇ ਤੋਂ ਬਚੋ। ਜੇ ਤੁਹਾਡਾ ਭਾਰ ਵਧ ਜਾਵੇ ਤਾਂ ਸਹੀ ਕਸਰਤ ਅਤੇ ਸਹੀ ਭੋਜਨ ਰਾਹੀਂ ਇਸ ਨੂੰ ਠੀਕ ਕਰੋ। ਪੁਰਾਣੀ ਕਹਾਵਤ, “ਉੱਠਿਆ ਨਾ ਜਾਵੇ ਤੇ ਫ਼ਿੱਟੇ ਮੂੰਹ ਗੋਡਿਆਂ ਦਾ”, ਵਿੱਚ ਗੋਡਿਆਂ ਨੂੰ ਹੀ ਕਸੂਰਵਾਰ ਠਹਿਰਾਇਆ ਗਿਆ ਹੈ ਪਰ ਅਸਲ ਵਿੱਚ ਕਸੂਰ ਗੋਡਿਆਂ ਦਾ ਨਹੀਂ ਹੁੰਦਾ।

ਲੂਣ ਦੇ ਇਸਤੇਮਾਲ ਉੱਤੇ ਕਾਬੂ ਰੱਖੋ। ਮਿੱਠੇ ਦਾ ਸੇਵਨ ਘਟਾਉਣਾ ਵੀ ਫ਼ਾਇਦੇਮੰਦ ਹੈ। ਐਂਟੀ-ਆਕਸੀਡੈਂਟ ਯੁਕਤ ਕੁਦਰਤੀ ਭੋਜਨ, ਹਰੀਆਂ ਸਬਜ਼ੀਆਂ, ਗਾਜਰਾਂ, ਤਰਾਂ, ਖੀਰਾ, ਗੂੜ੍ਹੇ ਰੰਗਾਂ ਵਾਲੇ ਫਲ, ਜਾਮਣ, ਚੈਰੀ ਆਦਿ, ਭੁੱਜੇ ਦਾਣੇ ਅਤੇ ਛੱਲੀਆਂ, ਸਿਹਤਮੰਦ ਚਰਬੀ ਵਾਲੇ ਭੋਜਨ, ਜਿਵੇਂ ਮੱਛੀ, ਮੂੰਗਫ਼ਲੀ ਅਤੇ ਵੜੇਵਿਆਂ ਦਾ ਤੇਲ ਆਦਿ।

**ਹੋਮਿਓਪੈਥਿਕ ਇਲਾਜ :** ਪ੍ਰਚਲਤ ਇਲਾਜ ਪ੍ਰਣਾਲੀ ਵਾਂਗ ਹੋਮਿਓਪੈਥੀ ਵਿੱਚ ਵੀ ਗੋਡਿਆਂ ਦੀਆਂ ਦਰਦਾਂ ਲਈ ਕਾਰਗਰ ਦਵਾਈਆਂ ਉਪਲਬਧ ਹਨ। ਕੁਝ ਦਵਾਈਆਂ ਜਿਵੇਂ ਬ੍ਰਾਈਓਨਿਆ, ਰੂਟਾ, ਰਸਟੌਕਸ, ਲੀਡਮ-ਪਾਲ, ਲਾਈਕੋਪੋਡੀਅਮ ਆਦਿ ਦਾ ਇਸਤੇਮਾਲ ਲੱਛਣਾਂ ਅਨੁਸਾਰ ਕੀਤਾ ਜਾ ਸਕਦਾ ਹੈ। ਪਰ, ਉਪਰੋਕਤ ਦਿੱਤੀ ਕਿਸੇ ਵੀ ਦਵਾਈ ਦਾ ਇਹ ਮਤਲਬ ਨਹੀਂ ਹੈ ਕਿ ਇਨ੍ਹਾਂ ਨੂੰ ਆਪਣੇ ਆਪ ਹੀ ਲੈ ਲਿਆ ਜਾਵੇ। ਕਿਸੇ ਪ੍ਰੋਫ਼ੈਸ਼ਨਲ ਹੋਮਿਓਪੈਥਿਕ ਡਾਕਟਰ ਦੀ ਮਦਦ ਨਾਲ ਹੀ ਸਹੀ ਹੋਮਿਓਪੈਥਿਕ ਦਵਾਈ ਦੀ ਵਰਤੋਂ ਕਰਨੀ ਚਾਹੀਦੀ ਹੈ। ਹੋਮਿਓਪੈਥ ਆਰ.ਐੱਸ. ਸੈਣੀ ਆਪਣੀ ਕਲੀਨਿਕ ਵਿਖੇ ਅਜਿਹੀਆਂ ਸਮੱਸਿਆਵਾਂ ਨੂੰ ਗਹਿਰਾਈ ਨਾਲ ਸਮਝ ਕੇ ਅਤੇ ਢੁਕਵਾਂ ਵਿਸ਼ਲੇਸ਼ਣ ਕਰਨ ਉਪਰੰਤ ਸਹੀ ਹੋਮਿਓਪੈਥਿਕ ਦਵਾਈ ਦੀ ਚੋਣ ਕਰਦੇ ਹਨ। ਉਹ 1974 ਤੋਂ ਹੋਮਿਓਪੈਥੀ ਦੀ ਐਕਟਿਵ ਪ੍ਰੈਕਟਿਸ ਕਰਦੇ ਆ ਰਹੇ ਹਨ।


ਨਸ਼ਿਆਂ ਤੋਂ ਛੁਟਕਾਰਾ ਪਾਉ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਕਾਵਿ ਕਿਆਰੀ

## ਗੁਰੂ ਗੋਬਿੰਦ ਸਿੰਘ ਦੇ ਲਾਲਾਂ ਦੀ...

ਗੁਰੂ ਗੋਬਿੰਦ ਸਿੰਘ ਦੇ ਲਾਲਾ ਦੀ,
ਕੁਰਬਾਨੀ ਜੱਗ 'ਚ ਲਾਸਾਨੀ ਹੈ ।
ਜਦ ਤੱਕ ਇਹ ਧਰਤੀ ਅੰਬਰ ਹੈ,
ਇਸਦਾ ਨਾ ਕੋਈ ਸਾਨੀ ਹੈ ।
ਗੁਰੂ ਗੋਬਿੰਦ ਸਿੰਘ ਦੇ.....।

ਦੋ ਨੀਹਾਂ ਦੇ ਵਿੱਚ ਚਿਣੇ ਗਏ,
ਸਿਰੀਂ ਸਿਰੜ ਨਿਭਾ ਗਏ ਸਿੱਖੀ ਦਾ ।
ਕੋਈ ਨਵਾਂ ਹੀ ਵਰਕਾ ਪਲਟ ਗਏ,
ਸਾਡੀ ਮਾੜ੍ਹੀ ਕਿਸਮਤ ਲਿਖੀ ਦਾ ।
ਨਾਲ ਖੂਨ ਦੇ ਲਿਖ ਗਏ ਸਿਰ ਦੇਕੇ,
ਜੋ ਸਿਦਕਾਂ ਦੀ ਅਮਰ ਕਹਾਣੀ ਹੈ ।
ਗੁਰੂ ਗੋਬਿੰਦ ਸਿੰਘ ਦੇ....।
ਜਿੰਦ ਦਾਦੀ ਮਾਂ ਵੀ ਵਾਰ ਗਏ,
ਜਿਸ ਹੱਥੀਂ ਲਾਡ ਲਡਾਇਆ ਸੀ ।
ਸਿਦਕੀ ਦਾਦੇ ਦੀਆਂ ਬਾਤਾਂ ਪਾ,
ਜੋੜਾ ਪ੍ਰਵਾਨ ਚੜ੍ਹਾਇਆ ਸੀ ।
ਜੇੜਾ ਨੀਹਾਂ ਦੇ ਵੱਲ ਤੋਰ ਦਿੱਤਾ,
ਦਿੱਤੀ ਧਰਮ ਤੋਂ ਵਾਰ ਨਿਸ਼ਾਨੀ ਹੈ।
ਗੁਰੂ ਗੋਬਿੰਦ ਸਿੰਘ ਦੇ......।
ਦੋ ਜੱਗ ਅੰਦਰ ਜੂਝ ਗਏ,
ਅਣਖਾਂ ਦੀ ਜੋਤ ਜਗਾ ਗਏ ਨੇ ।
ਸੱਚ ਮਰਨਾ ਜਿਊਣਾ ਝੂਠ ਕਿਵੇਂ,
ਉਹ ਕਰ ਪ੍ਰਤੱਖ ਦਿਖਾ ਗਏ ਨੇ।
ਸਤਿਗੁਰ ਨੇ ਬਚਨ ਪੁਗਾ ਦਿੱਤੇ,
ਦਿੱਤੀ ਵਾਰ ਇਹ ਭਰੀ ਜਵਾਨੀ ਹੈ ।
ਗੁਰੂ ਗੋਬਿੰਦ ਸਿੰਘ ਦੇ......।
'ਰਸੀਏ' ਦੇ ਸਿਰ ਤੇ ਕਰਜ਼ ਬੜਾ,
ਜਨਮਾਂ ਦੇ ਵਿੱਚ ਵੀ ਮੁੱਕਣਾ ਨਹੀਂ।
ਸਿੱਖੀ ਸਿਦਕ ਦੇ ਅਰਸ਼ੀ ਬੂਟੇ ਨੇ,
ਕਿਸੇ ਹਾਲ ਵੀ ਜਗ ਤੋਂ ਸੁੱਕਣਾ ਨਹੀ।
ਹਰਫ਼ਾਂ ਦੇ ਮੋਤੀ ਜੜ ਜੜਕੇ,
ਲਿਖੀ ਗਾਥਾ ਅਮਰ ਨੂਰਾਨੀ ਹੈ ।
ਗੁਰੂ ਗੋਬਿੰਦ ਸਿੰਘ.....।



**ਗੁਰਜਿੰਦਰ ਸਿੰਘ ਰਸੀਆ,**
**ਧਨੌਲਾ (ਬਰਨਾਲਾ)**

## ਕੰਧੇ ਨੀ ਸਰਹੰਦ ਦੀਏ!

ਕੰਧੇ ਨੀ ਸਰਹੰਦ ਦੀਏ, ਕੁੱਝ ਤਾਂ ਮੂੰਹੋਂ ਬੋਲ,
ਗੁੱਝੇ ਭੇਦ ਅਤੀਤ ਦੇ, ਜ਼ਰਾ ਫਿਰ ਤੋਂ ਖੋਲ੍ਹ।
ਤੇਰੇ ਅੰਦਰ ਕੀ ਸਮਾਇਆ, ਤੂੰ ਭਲੇ ਹੀ ਜਾਣੇ,
ਤੇਰੇ ਜ਼ਰੇ ਜ਼ਰੇ ਨਹੀਂ, ਇਤਿਹਾਸ ਤੋਂ ਅਣਜਾਣੇ।
ਤੇਰੀਆਂ ਇੱਟਾਂ ਦਾ ਰੰਗ ਲਾਲ, ਐਵੇਂ ਨਹੀਂ ਹੋਇਆ,
ਇਸ ਵਿੱਚ ਮਾਸੂਮ ਲਾਲਾਂ ਦਾ, ਹੈ ਖੂਨ ਸਮੋਇਆ।
ਜਿਨ੍ਹਾਂ ਨੇ ਹੱਕ 'ਤੇ ਸੱਚ ਲਈ, ਜੈਕਾਰੇ ਛੱਡ ਕੇ,
ਬਲੀਦਾਨ ਸੀ ਆਪਣੇ ਦਿੱਤੇ, ਸਭ ਲਾਲਚ ਤੱਜ ਕੇ।
ਮਹਾਨ ਨਿੱਕੀਆਂ ਜਿੰਦਾਂ ਨੇ, ਹਿਲਾ ਦਿੱਤੇ ਮੀਨਾਰੇ,
ਮਲੀਆਮੇਟ ਕਰ ਦਿੱਤੇ, ਰਹਿੰਦੀ ਦੁਨੀਆ ਤੱਕ ਸਾਰੇ।
ਗਵਾਹ ਨੇ ਤੇਰੇ ਹੱਕ ਵਿੱਚ, ਕਈ ਅਨੋਖੇ ਦਾਨੀ,
ਜਿਨ੍ਹਾਂ ਨੇ ਸਭ ਕੁੱਝ ਵਾਰ ਕੇ, ਦਿੱਤੀ ਕੁਰਬਾਨੀ।
ਕਈ ਮਰਜੀਵੜੇ ਨਿੱਤਰੇ, ਇਤਿਹਾਸ ਦੇ ਮੋਤੀ,
ਜਗਾਈ ਰੱਖੀ ਜਿਨ੍ਹਾਂ ਨੇ, ਵਫ਼ਾ ਦੀ ਜੋਤੀ।
ਤੈਨੂੰ ਨਤਮਸਤਕ ਹੋਣ ਲਈ, ਕਈ ਆਏ ਬਹਾਦਰ,
ਬੰਦ ਬੰਦ ਕਟਵਾ ਗਏ, ਸੁੱਚੀ ਅਣਖ ਦੀ ਖ਼ਾਤਰ।
ਸ਼ਾਲਾ ਤੇਰੀ ਸ਼ਾਨ ਸਦਾ, ਰਹੇ ਜੱਗ 'ਤੇ ਉੱਚੀ,
ਸੁਣਦੀ ਰਹੇ ਸਿੱਖ ਕੌਮ, ਤੇਰੀ ਦਾਸਤਾਂ ਅਦੁੱਤੀ।
ਕੰਧੇ ਨੀ ਸਰਹੰਦ ਦੀਏ, ਕੁੱਝ ਤਾਂ ਮੂੰਹੋਂ ਬੋਲ,
ਗੁੱਝੇ ਭੇਦ ਅਤੀਤ ਦੇ, ਜ਼ਰਾ ਫਿਰ ਤੋਂ ਖੋਲ੍ਹ।

**-ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**

## ਚੋਜੀ ਪ੍ਰੀਤਮ ਦੇ ਨਾਮ

ਬੜਾ ਹੀ ਸੌਖਾ ਹੈ !
ਪੋਹ ਦੀਆਂ ਕੱਕਰੀਲੀਆਂ ਰਾਤਾਂ ਨੂੰ
ਰਜਾਈਆਂ ਵਿੱਚ ਬਹਿ ਕੇ,
ਸੁਲਘਦੀਆਂ ਨਜ਼ਮਾਂ ਲਿਖ ਲੈਣੀਆਂ !
ਬੜਾ ਹੀ ਸੌਖਾ ਹੈ !
ਸ਼ਹੀਦੀ ਜੋੜ-ਮੇਲਿਆਂ ਤੇ
ਭਰੇ ਹੋਏ ਪੰਡਾਲਾਂ ਵਿੱਚ........
ਤੱਤੀਆਂ ਤਕਰੀਰਾਂ ਕਰ ਲੈਣੀਆਂ,
ਤੇਰੇ ਨਾਮ ਤੇ ਗੋਲਕਾਂ ਭਰ ਲੈਣੀਆਂ !
ਬੜਾ ਹੀ ਸੌਖਾ ਹੈ !
ਤੇਰੇ ਕੱਕਾਰ ਧਾਰਨ ਕਰ ਲੈਣੇ
ਪਰ ਤੇਰੇ ਬਖ਼ਸ਼ੇ ਕੱਕਾਰਾਂ ਦੇ ਅਰਥਾਂ ਨੂੰ
ਅਮਲ 'ਚੋਂ ਖ਼ਾਰਜ ਕਰ ਲੈਣਾ !
ਜਦੋਂ........
ਧਰਤੀ ਨੂੰ ਕਾਂਬੇ ਛਿੜਦੇ ਨੇ
ਦੰਦਾਂ ਨਾਲ ਦੰਦ ਭਿੜਦੇ ਨੇ
ਉਦੋਂ ਲਾਵੇ ਵਰਗਾ ਜਿਗਰਾ ਚਾਹੀਦਾ ਹੈ
ਸਰਸਾ ਦੇ ਸ਼ੂਕਦੇ ਪਾਣੀਆਂ ਵਿੱਚ
ਉਤਰਨ ਲਈ !
ਜਦੋਂ ਨਾੜਾਂ ਵਿੱਚ ਖ਼ੂਨ ਜੰਮਦਾ ਹੈ !
ਜਦੋਂ ਬੁੱਕਲਾਂ ਵਿੱਚ ਵੀ ਜਿਸਮ ਕੰਬਦਾ ਹੈ !
ਉਦੋਂ ਲੀਰਾਂ ਵਿਚ
ਹੌਂਸਲਾ ਸਲਾਮਤ ਰੱਖਣ ਲਈ
ਖੇੜ੍ਹਿਆਂ ਦੇ ਸ਼ਾਹੀ ਰਹਿਣ ਨੂੰ ਨਕਾਰਨ ਦੀ
ਫ਼ਕੀਰੀ ਚਾਹੀਦੀ ਹੈ !
ਹਜੂਮ ਦੀ ਆੜ ਵਿਚ ਤਾਂ
ਹਕੂਮਤ ਨਾਲ ਕੋਈ ਵੀ ਭਿੜ ਸਕਦੈ
ਪਰ ਢੀਮਾਂ ਦੇ ਸਰ੍ਹਾਣੇ ਤੇ
ਸੂਬਿਆਂ-ਮਨਸੂਬਿਆਂ ਤੋਂ ਬੇਫ਼ਿਕਰ
ਇਕੋ ਹੀ ਸਿਰ ਕਾਫ਼ੀ ਹੁੰਦਾ
ਜੋ ਕੌਮ ਨੂੰ.........
ਝੱਖੜਾਂ ਵਿੱਚ ਵੀ ਜਗਾਈ ਰੱਖਦਾ ਹੈ !
ਅਸੀਂ ਜੁਗਨੂੰ
ਤੇਰਿਆਂ ਰਾਹਾਂ ਦੇ ਪਾਂਧੀ ਤਾਂ ਨਹੀਂ
ਐਪਰ ਕਾਲੀਆਂ ਰਾਤਾਂ ਦੀ ਬਾਦਸ਼ਾਹਤ ਨੂੰ
ਵੰਗਾਰਨ ਦੀ ਤੌਫ਼ੀਕ ਰੱਖਦੇ ਹਾਂ !
ਕਲਮ ਦੀ ਨੋਕ 'ਤੇ
ਆਪਣਾ ਸੀਸ ਰੱਖਦੇ ਹਾਂ !
ਅਸੀਂ "ਬਾਵਨਵੰਸ਼ੀ"
ਚਾਹੇ ਹੁਣ ਦੀਵਾਨਾਂ ਲਈ ਵਰਜਿਤ ਹਾਂ !
ਪਰ ਸਾਹਾਂ ਵਿੱਚ........
ਤੇਰੀ ਤਵਾਰੀਖ ਰੱਖਦੇ ਹਾਂ !
ਯਾਰੜੇ ਦੇ ਸੱਥਰ ਨਾਲ ਪ੍ਰੀਤ ਰੱਖਦੇ ਹਾਂ !

**-ਸਰਬਜੀਤ ਸੋਹੀ**

## ਐਨਿਆਂ ਚੋਂ ਉੱਠੇ ਸੂਰਮਾ!!!

ਰੱਬੀ ਜੋਤ ਪਟਨੇ ਵਿੱਚ ਹੋਈ ਪ੍ਰਗਟ
ਸਾਰੀ ਦੁਨੀਆਂ ਵਿੱਚ ਚਾਨਣ ਫੈਲਾਉਣ ਦੇ ਲਈ।
ਸੰਨ ਸੋਲਾਂ ਸੌ ਛਿਆਹਟ ਆਇਆ ਵਡਭਾਗਾ,
ਦਸਵੇਂ ਗੁਰਾਂ ਦੇ ਚਰਨ ਪਰਸਾਉਣ ਦੇ ਲਈ।
ਨੌਂ ਜੋਤਾਂ ਨੇ ਕੀਤੇ ਜੋ ਬਚਨ ਇਲਾਹੀ,
ਗੁਰਾਂ ਉਨ੍ਹਾਂ ਨੂੰ ਸੱਚ ਕਰ ਵਿਖਾਇਆ ਜੀ।
ਸਿਰ ਧਰ ਤਲੀ ਵਾਲੇ ਬੋਲ ਪੁਗਾਉਣ ਖਾਤਰ,
ਕੇਸਗੜ੍ਹ ਸਾਹਿਬ ਵਿਖੇ ਦੀਵਾਨ ਲਗਾਇਆ ਜੀ।
ਰਾਜੇ ਸ਼ੀਂਹ ਤੇ ਕੁੱਤੇ ਮੁਕੱਦਮਾਂ ਨੂੰ,
ਪਾਤਸ਼ਾਹ ਨਵੇਂ ਹੀ ਪਾਠ ਪੜ੍ਹਾਉਣ ਆਏ।
ਭੁੱਲੇ ਭਟਕਿਆਂ ਮਾਸੂਮ ਨਿਥਾਵਿਆਂ ਨੂੰ
ਥਾਓਂ ਥਾਈਂ ਸੀ ਆਪ ਬਹਾਉਣ ਆਏ।
ਆਈ ਸੋਲਾਂ ਸੌ ਨੜਿੰਨਵੇਂ ਦੀ ਵਿਸਾਖੀ,
ਗੁਰਾਂ ਨਵਾਂ ਚੋਜ ਵਰਤਾਇਆ ਸੀ।
ਉੱਠੋ ਐਨਿਆਂ ਚੋਂ ਕੋਈ ਦਲੇਰ ਸੂਰਾ,
ਪਾਵਨ ਮੁੱਖ ਚੋਂ ਹੁਕਮ ਸੁਣਾਇਆ ਸੀ
ਬੜੀ ਦੇਰ ਤੋਂ ਜ਼ਾਲਮਾਂ ਅੱਤ ਕੀਤੀ,
ਦੀਨ ਦੁਖੀ ਸਭ ਧਾਹਾਂ ਪਏ ਮਾਰਦੇ ਨੇ।
ਜਬਰ ਜ਼ੁਲਮ ਦੀ ਹਨੇਰੀ ਚੁਫ਼ੇਰ ਵਗੀ,
ਨਿਰੇ ਬੋਲ ਨਾ ਆਪਾ ਹੁਣ ਠਾਰਦੇ ਨੇ।
ਸਮਾਂ ਆ ਗਿਆ ਸਮੇਂ ਨੂੰ ਪਲਟਣੇ ਦਾ,
ਹੱਥ ਕਰਨੇ ਕਰਾਰੇ ਹੁਣ ਪੈਣ ਦਾ ਜੀ।
ਖੰਨਿਓਂ ਤਿੱਖੀ ਸਿੱਖੀ ਅੱਜ ਮੰਗ ਕਰਦੀ
ਸਿਰਾਂ ਵੱਟੇ ਸਿਰਦਾਰੀਆਂ ਲੈਣ ਦਾ ਜੀ
ਸੁਣ ਕੜਕਦੀ ਗਰਜ ਮੇਰੇ ਪਾਤਿਸ਼ਾਹ ਦੀ,
ਡੋਲੇ ਫਰਕੇ ਕਈਆਂ ਨੂੰ ਜੋਸ਼ ਚੜ੍ਹਿਆ।
ਵਾਰੋ ਵਾਰੀ ਪੰਜ ਸੂਰਮੇਂ ਆ ਨਿੱਤਰੇ,
ਗੁਰਾਂ ਸਭਨਾਂ ਦੇ ਸਿਰਾਂ ਤੇ ਹੱਥ ਧਰਿਆ।
ਵਾਰੋ ਵਾਰੀ ਸਾਜ ਕੇ ਪਿਆਰਿਆਂ ਨੂੰ,
ਆਪੂੰ ਅੰਮ੍ਰਿਤ ਦੀ ਦਾਤ ਲਈ ਪਾਤਸ਼ਾਹ ਨੇ।
ਤੁਰੀ ਸਦੀਆਂ ਦੀ ਰੀਤ ਤੇ ਲੀਕ ਮਾਰੀ,
ਵੱਖਰੀ ਨਵੀਂ ਹੀ ਵਾਟ ਲਈ ਪਾਤਸ਼ਾਹ ਨੇ।
ਆਖਿਆ ਧਰਤ ਦੇ ਕੋਹੜ ਨੂੰ ਲਾਹ ਦੇਣਾ,
ਰਹਿਣੀ ਉਚ ਨੀਚ ਨਾ ਜਾਤਿ ਕੁਜਾਤ ਕੋਈ।
ਅਸਾਂ ਨੀਚਾਂ ਨੂੰ ਦੇਣੀਆਂ ਪਾਤਸ਼ਾਹੀਆਂ,
ਭੇਦ ਭਾਵ ਦੀ ਰੱਖਣੀ ਨਾ ਬਾਤ ਕੋਈ।
ਜਿਵੇਂ ਜਨਮੇ ਹੋ ਓਵੇਂ ਦਾ ਭੇਸ ਰੱਖੋ,
ਪੰਜ ਕਕਾਰ ਨਾ ਕਦੇ ਵੀ ਛੱਡਣੇ ਜੀ।
ਨਾਰੀ ,ਗਰੀਬ ,ਨਿਹੱਥੇ ਦੀ ਕਰੋ ਰਾਖੀ।
ਕੋਹੜ ਧਰਤੀ ਤੋਂ ਸਾਰੇ ਹੀ ਵੱਢਣੇ ਜੀ।
ਜ਼ਾਲਮ ਰਾਜ ਦੇ ਕਿੰਗਰੇ ਢਾਹੁਣ ਖਾਤਰ,
ਤੁਸੀਂ ਖਾਲਸਾ ਜੀ ਸਦਾ ਤਿਆਰ ਰਹਿਣਾ।
ਐਪਰ ਆਪ ਜ਼ੁਲਮ ਨਹੀਂ ਕੋਈ ਕਰਨਾ ,
ਸਦਾ ਨਿਮਰਤਾ,ਹਲੀਮੀ ਦੇ ਵਿੱਚ ਰਹਿਣਾ
ਜੇਤੂ, ਸੂਰਮੇ ਜਰਨੈਲ, ਚੋਜੀ ਗੁਰੂ ਵਾਲੇ,
ਬਚਨ ਹਮੇਸ਼ਾ ਹਵਾ ਵਿੱਚ ਗੂੰਜਦੇ ਰਹੇ।
ਜਿੱਥੇ ਜ਼ੁਲਮ,ਅਨਿਆਂ,ਧੱਕਾ ਦਿਸੇ ਕੋਈ,
ਸਿੱਖ ਗੁਰੂ ਦੇ ਰਣ ਤੱਤੇ ਜਾ ਜੂਝਦੇ ਰਹੇ।
ਸਿੱਖੀ ਸਦਾ ਤੋਂ ਰੌਸ਼ਨ ਜਹਾਨ ਅੰਦਰ ,
ਅੱਜ ਵੀ ਦੁਨੀਆਂ ਭਰ ਦੇ ਵਿੱਚ ਦਗ ਰਹੀ ਹੈ।
ਥਾਂ ਥਾਂ ਦੀਨਾਂ ਦੁਖੀਆਂ ਦੀ ਸੇਵ ਖਾਤਰ ,
ਜੋਤ ਖ਼ਾਲਸੇ ਦੀ ਜਗ ਮਗ ਜਗ ਰਹੀ ਹੈ।
ਬਿਪਤਾ,ਆਫ਼ਤ ਤੂਫ਼ਾਨ ਨੂੰ ਝਾਗ ਕੇ ਤੇ,
ਕੌਮ ਸਰਬੱਤ ਦੇ ਭਲੇ ਨੂੰ ਮੰਗਦੀ ਹੈ।
ਗੁਰੂ ਗ੍ਰੰਥ ਸਾਹਿਬ ਜੀ ਦੀ ਗੋਦ ਵਿੱਚ ਬਹਿ ਕੇ,
ਕੌਮ ਸਿਰ ਝੁਕਾ ਅਮੁੱਲ ਦਾਤਾਂ ਮੰਗਦੀ ਹੈ।

ਸੁਰਿੰਦਰ ਪਾਲ ਕੌਰ ਧਨੌਲਾ




# ਦੇਸ਼ ਵਾਸਤੇ ਸਿੱਖ ਭਾਈਚਾਰੇ ਵੱਲੋਂ ਪਾਏ ਯੋਗਦਾਨ ਦੀ ਸਿੰਗਾਪੁਰ ਦੇ ਮੰਤਰੀ ਵੱਲੋਂ ਸ਼ਲਾਘਾ



ਸਿੰਗਾਪੁਰ - ਸਿੰਗਾਪੁਰ ਦੇ ਸੀਨੀਅਰ ਮੰਤਰੀ ਥਰਮਨ ਸ਼ਣਮੁਗਰਤਨਮ ਨੇ ਦੇਸ਼ ਵਿੱਚ ਸਿੱਖ ਭਾਈਚਾਰੇ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਹੈ। ਉਹ ਇੱਥੇ ਦੱਖਣ-ਪੂਰਬੀ ਏਸ਼ੀਆ ਵਿੱਚ ਸਿੱਖਾਂ ਦੇ ਸਭ ਤੋਂ ਵੱਡੇ ਧਾਰਮਿਕ ਇਕੱਠ ਦੇ 10ਵੇਂ ਸੰਸਕਰਨ ਵਿੱਚ ਸ਼ਾਮਲ ਹੋਏ। ਥਰਮਨ, ਸਮਾਜਿਕ ਨੀਤੀਆਂ ਦੇ ਤਾਲਮੇਲ ਮੰਤਰੀ ਨੇ, ਸਿੰਗਾਪੁਰ ਐਕਸਪੋ ਵਿੱਚ 23 ਤੋਂ 26 ਦਸੰਬਰ ਤੱਕ ਹਰ ਚਾਰ ਸਾਲਾਂ ਵਿੱਚ ਹੋਣ ਵਾਲੇ ਦੋ-ਸਾਲਾ 'ਨਾਮ ਰਸ ਕੀਰਤਨ ਦਰਬਾਰ' ਸਮਾਗਮ ਵਿੱਚ ਸ਼ਿਰਕਤ ਕੀਤੀ। ਥਰਮਨ ਨੇ 24 ਦਸੰਬਰ ਨੂੰ ਪ੍ਰੋਗਰਾਮ ਵਿੱਚ ਹਿੱਸਾ ਲਿਆ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ, "ਸਿੱਖ ਭਾਈਚਾਰਾ ਵੀ ਘੱਟ ਗਿਣਤੀਆਂ ਵਿੱਚੋਂ ਇੱਕ ਘੱਟ-ਗਿਣਤੀ ਹੈ, ਪਰ ਇਸ ਨੇ ਆਪਣੇ ਲਈ ਇੱਕ ਵਿਸ਼ੇਸ਼ ਸਥਾਨ ਬਣਾਇਆ ਹੈ ਅਤੇ ਇਨ੍ਹਾਂ ਨੂੰ ਸਾਡੇ ਸਮਾਜ ਵਿੱਚ ਸ਼ਾਮਲ ਕੀਤਾ ਗਿਆ ਹੈ ਜਿਵੇਂ ਕਿ ਅਸੀਂ ਸਾਰੇ ਸਿੰਗਾਪੁਰ ਵਿੱਚ ਇੱਕ ਹਾਂ। ਸਿੱਖ ਕੌਮ ਦੀ ਚੜ੍ਹਦੀ ਕਲਾ ਆਪਣੀ ਹੋਂਦ ਦਾ ਬੜਾ ਚੰਗਾ ਪ੍ਰਗਟਾਵਾ ਕਰਦੀ ਹੈ। "ਇਸ ਸਮਾਗਮ ਵਿੱਚ ਕਰੀਬ 40 ਹਜ਼ਾਰ ਲੋਕਾਂ ਨੇ ਹਿੱਸਾ ਲਿਆ। ਮੰਤਰੀ ਨੇ ਸਮਾਗਮ ਦੇ ਨਾਲ ਲੰਗਰ ਵਿੱਚ ਸ਼ਮੂਲੀਅਤ ਕੀਤੀ ਅਤੇ ਸਿੱਖ ਭਾਈਚਾਰੇ ਨੂੰ ਸੰਬੋਧਨ ਕੀਤਾ। ਕੀਰਤਨ ਦਰਬਾਰ ਵਿੱਚ ਭਾਰਤ, ਆਸਟ੍ਰੇਲੀਆ, ਕੈਨੇਡਾ, ਮਲੇਸ਼ੀਆ, ਥਾਈਲੈਂਡ, ਯੂ.ਕੇ. ਅਤੇ ਅਮਰੀਕਾ ਦੀਆਂ ਸਿੱਖ ਸ਼ਖ਼ਸੀਅਤਾਂ ਨੇ ਵੀ ਸ਼ਮੂਲੀਅਤ ਕੀਤੀ।

# ਗਾਇਕ ਹਰਭਜਨ ਮਾਨ 'ਤੇ ਲੱਗਾ 2.5 ਕਰੋੜ ਦੀ ਧੋਖਾਧੜੀ ਦਾ ਦੋਸ਼



ਚੰਡੀਗੜ੍ਹ:ਪੰਜਾਬੀ ਫਿਲਮ ਇੰਡਸਟਰੀ ਤੋਂ ਇੱਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਮਸ਼ਹੂਰ ਗਾਇਕ ਹਰਭਜਨ ਮਾਨ 'ਤੇ 2.5 ਕਰੋੜ ਰੁਪਏ ਦੀ ਠੱਗੀ ਦਾ ਦੋਸ਼ ਲੱਗਿਆ ਹੈ। ਇਹ ਦੋਸ਼ ਦੋ ਐਨਆਰਆਈ ਪੰਜਾਬੀਆਂ ਨੇ ਲਗਾਇਆ ਹੈ। ਅਰਬਪਤੀ ਐਨਆਰਆਈ ਹਰਵਿੰਦਰ ਸਿੰਘ ਸਰ੍ਹਾਂ ਅਤੇ ਦਰਸ਼ਨ ਰੰਗੀ ਨੇ ਦੋਸ਼ ਲਾਇਆ ਹੈ ਕਿ ਪੰਜਾਬੀ ਗਾਇਕ ਮਾਨ ਨੇ ਹਿਸਾਬ ਕੀਤਾ ਵਿੱਚ ਇਹ ਧੋਖਾਧੜੀ ਕੀਤੀ ਹੈ। ਮੋਹਾਲੀ ਅਦਾਲਤ ਨੇ ਮਾਮਲੇ ਵਿੱਚ ਗਾਇਕ ਹਰਭਜਨ ਮਾਨ ਦੀ ਕੰਪਨੀ ਐਚਐਚ ਰਿਕਾਰਡਜ਼, ਹਰਭਜਨ ਮਾਨ ਅਤੇ ਗੁਰਬਿੰਦਰ ਸਿੰਘ ਬਿੰਦੀ ਨੂੰ 9 ਜਨਵਰੀ 2023 ਨੂੰ ਜਵਾਬ ਦੇ ਆਧਾਰ 'ਤੇ ਜਾਣਕਾਰੀ ਦੇਣ ਦਾ ਸਮਾਂ ਦਿੱਤਾ ਹੈ। ਸ਼ਿਕਾਇਤਕਰਤਾ ਦਰਸ਼ਨ ਸਰ੍ਹਾਂ ਨੇ ਕਿਹਾ ਕਿ ਉਹ 'ਪੀਆਰ' ਨਾਲ ਫਿਲਮ ਨਿਰਮਾਣ ਵਿੱਚ ਉਤਰੇ ਸਨ, ਪਰੰਤੂ ਹੁਣ ਉਹ ਠੱਗਿਆ ਮਹਿਸੂਸ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਆਪਣੇ ਦੋਸਤ ਐਨਆਰਆਈ ਦਰਸ਼ਨ ਰੰਗੀ ਨਾਲ ਮਿਲ ਕੇ ਉਨ੍ਹਾਂ ਨੇ ਸਾਰੰਗ ਫਿਲਮ ਪ੍ਰੋਡਕਸ਼ਨ ਕੰਪਨੀ ਬਣਾਈ ਅਤੇ ਹਰਭਜਨ ਮਾਨ ਨਾਲ ਉਨ੍ਹਾਂ ਦੀ 30 ਸਾਲ ਪੁਰਾਣੀ ਵਾਕਫੀਅਤ ਹੈ। ਹਰਭਜਨ ਮਾਨ ਨੇ ਉਨ੍ਹਾਂ ਨੂੰ ਪਰਵਾਸੀ ਪੰਜਾਬੀਆਂ ਤੇ ਆਧਾਰਤ ਪੀਆਰ ਫਿਲਮ ਬਣਾਉਣ ਦੀ ਪੇਸ਼ਕਸ਼ ਕੀਤੀ, ਜਿਸ ਦਾ ਬਜਟ 4 ਕਰੋੜ 68 ਲੱਖ ਰੁਪਏ ਸੀ। ਫਿਲਮ ਦੇ ਨਿਰਮਾਣ ਲਈ ਉਨ੍ਹਾਂ ਦੋਵਾਂ ਵੱਲੋਂ ਖਰਚਾ ਅੱਧਾ ਅੱਧਾ ਕੀਤਾ ਜਾਣਾ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣੇ ਹਿੱਸੇ ਦੇ 2 ਕਰੋੜ 36 ਲੱਖ ਚੈਕ ਰਾਹੀਂ ਅਦਾ ਕੀਤੇ ਪਰੰਤੂ ਹਰਭਜਨ ਮਾਨ ਨੇ ਧੇਲੀ ਨਹੀਂ ਲਗਾਈ ਅਤੇ ਫਿਲਮ ਨੂੰ ਘੱਟ ਬਜਟ ਵਿੱਚ ਹੀ ਤਿਆਰ ਕਰ ਲਿਆ ਗਿਆ। ਇਸਦੇ ਨਾਲ ਹੀ ਸਮਝੌਤੇ ਅਨੁਸਾਰ ਹਰ ਮਹੀਨੇ ਹਿਸਾਬ ਵੀ ਨਹੀਂ ਦਿੱਤਾ ਗਿਆ ਅਤੇ ਟਾਲ ਮਟੋਲ ਕਰਦਾ ਆ ਰਿਹਾ ਹੈ। ਅਖੀਰ ਹੁਣ ਉਨ੍ਹਾਂ ਨੂੰ ਅਦਾਲਤ ਦਾ ਦਰਵਾਜ਼ਾ ਖੜਕਾਉਣਾ ਪਿਆ।

# 'ਵੀਰ ਬਾਲ ਦਿਵਸ' ਖਾਲਸਾ ਭਾਵਨਾ ਤਹਿਤ ਨਹੀਂ

ਅਮ੍ਰਿਤਸਰ: ਸ਼੍ਰੋਮਣੀ ਕਮੇਟੀ ਦੀ ਸਬਾਕਾ ਸਕੱਤਰ ਬੀਬੀ ਕਿਰਨ ਜੋਤ ਕੌਰ ਨੇ ਆਪਣੀ ਪੋਸਟ ਵਿੱਚ ਲਿਖਿਆ ਕਿ ਖਾਲਸਾ ਸਾਜਨਾ ਦੀ ਤਕਲੀਫ਼ 22 ਹਿੰਦੂ ਪਹਾੜੀ ਰਾਜਿਆਂ ਨੂੰ ਇਤਨੀ ਹੋਈ ਕਿ ਉਨ੍ਹਾ ਰਲ ਕੇ, ਗੁਰੂ ਗੋਬਿੰਦ ਸਿੰਘ ਜੀ ਤੇ ਹਮਲੇ ਸਾਜਨਾ ਤੋਂ ਅਗਲੇ ਸਾਲ ਹੀ ਸ਼ੁਰੂ ਕਰ ਦਿੱਤੇ। ਅਨੰਦਪੁਰ ਸਾਹਿਬ ਤੇ ਪੰਜ ਸਾਲਾਂ ਵਿੱਚ ਛੇ ਹਮਲੇ ਕੀਤੇ।

ਮੁਗਲ ਔਰੰਗਜੇਬ ਤੇ ਵਜ਼ੀਰ ਖਾਂ ਦੀ ਮਦਦ ਲੈਂਦੇ ਰਹੇ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਫ਼ਰਮਾਨ ਤੋਂ ਪਹਿਲਾ ਵਜ਼ੀਰ ਖਾਂ ਨੂੰ ਜ਼ਹਿਰੀਲੀ ਟਿੱਪਣੀ ਕਰਕੇ ਪੱਕਾ ਕਰਣ ਵਾਲਾ ਵੀ ਹਿੰਦੂ ਸੁਚਾਨੰਦ ਸੀ। ਜਦ ਕਿ ਸਾਹਿਬਜ਼ਾਦਿਆਂ ਤੋਂ ਪਿਓ ਦਾ ਬਦਲਾ ਲੈਣ ਤੋ ਇਨਕਾਰ ਕਰਣ ਵਾਲਾ ਮੁਸਲਮਾਨ ਸ਼ੇਰ ਖਾਂ ਸੀ। ਸ਼ਾਹਿਬਜਾਦੇ ਸ਼ਹਾਦਤ ਦਿਵਸ ਨੂੰ "ਵੀਰ ਬਾਲ ਦਿਵਸ" ਕਹਿਣਾ ਛੁਟਿਆਉਣ ਵਾਲੀ ਗੱਲ ਹੈ। ਸ਼ਹਾਦਤ ਖਾਲਸੇ ਵਾਸਤੇ ਹੈ, ਖਾਲਸਾ ਜੋ ਕੇਵਲ ਅਕਾਲ ਪੁਰਖ ਦੇ ਅਧੀਨ ਹੈ।

ਖਾਲਸਾ ਫ਼ਾਰਸੀ ਦਾ ਸ਼ਬਦ ਹੈ ਜਿਸ ਦਾ ਮਤਲਬ ਉਹ ਜ਼ਮੀਨ ਹੈ ਜੋ ਸਿੱਧੀ ਬਾਦਸ਼ਾਹ ਦੀ ਮਲਕੀਅਤ ਹੈ। ਜਿਸ ਦੀ ਕਮਾਈ ਦਾ ਸਿੱਧਾ ਹਿਸਾਬ ਬਾਦਸ਼ਾਹ ਲੈਂਦਾ ਹੈ। ਇਤਿਹਾਸ ਦੇ ਇਸ ਪੰਨੇ ਦੇ ਵਿਲਨ ਹਿੰਦੂ ਮੁਸਲਮਾਨ ਦੋਨੋ ਹਨ ਤੇ ਹਮਦਰਦ ਵੀ ਹਿੰਦੂ ਮੁਸਲਮਾਨ ਦੋਵੇਂ ਹਨ।

ਗੁਰਚਰਨ ਸਿੰਘ ਮਾਨ ਦਾ ਕਹਿਣਾ ਹੈ ਕਿ ਵੀਰ ਬਾਲ ਦਿਵਸ " ਕਹਿਣਾ ਸਿੱਖਾਂ ਦੇ ਵਿਰਸੇ ਆਈਆਂ ਅਦੁੱਤੀ ਅਤੇ ਲਾਸਾਨੀ ਸ਼ਹਾਦਤਾਂ ਨੂੰ ਛੁਟਿਆਉਂਣ ਦਾ ਯਤਨ ਹੈ, ਜੋ ਕਿਸੇ ਸਿਆਣੇ ਵਿਦਵਾਨ ਨੂੰ ਹਜ਼ਮ ਨਹੀਂ ਹੋਵੇਗਾ ਇਸ ਗਲਤੀ ਦੀ ਦਰੁਸਤੀ ਜਿਤਨੇ ਜਲਦੀ ਹੋਵੇ ਬੇਹਤਰ ਹੋਵੇਗੀ।


**LANGLEY BANQUET HALL**




ਆਪਣੀ ਹਰ ਤਰ੍ਹਾਂ ਦੀ ਪਾਰਟੀ ਜਿਵੇਂ
- ਜਨਮ ਦਿਨ
- ਕੁੜਮਾਈ
- ਵਿਆਹ
- ਗ੍ਰੈਜੂਏਸ਼ਨ
- ਐਨੀਵਰਸਰੀਜ਼
- ਆਫਿਸ ਪਾਰਟੀਜ਼
- ਸੈਮੀਵਾਰਜ਼
- ਲੈਡੀਜ਼ ਪਾਰਟੀ
- ਰੀਸੈਪਸ਼ਨਸ
- ਬਿਜ਼ਨਿਸ ਮੀਟਿੰਗਸ

**6 DAY TIFFIN SERVICE**
**4 DAY VEG / 2 DAY NON VEG**
1 DAAL 1 SABZI 8 ROTI WITH RAITA AND DESSERT
220$ a month
OR
**6 DAY VEG**
1 DAAL 1 SABZI
8 ROTI WITH RAITA AND DESSERT 200$ month

**ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ**
**ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ**





**DAVINDER GREWAL**
**604.537.9759**
3227 264 St. Aldergrovw, BC V4W2X3



**AMAYA LIVING**



**60 LUXURIOUS CONDOS**
- 2 decorative colour schemes: Classic (dark) and Contemporary (light)
- Modern, decorative light fixtures • Oversized double glazed windows
- Laminate floor throughout main level, carpet for stairs and bedrooms
- Tile flooring in all bathrooms, entry and laundry • Elegant faucets
- Master walk-in closets • Full size in-suite laundry
- High-capacity CAT-5 wiring with telephone/cable/data outlets throughout
- Pre-wired for cable, internet and phone line on each floor

**KITCHEN**
- Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
- Full size stainless steel appliances: refrigerator, stove, dish washer, hood fan and microwave • Garburator

**BATHROOM**
- Large mirror with light bar • Under-mount porcelain sink with modern single lever faucet • Master with full stand up shower and full height ceramic tiles
- Modern bathroom accessories **WARRANTY • 2-5-10 year**

**PH:778-885.6700**
**Add:140 St & 108 Ave, Surrey, BC V3T 4N8**
**E-mail: info@amayaliving.ca**

# ॥ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

# ਪ੍ਰਿੰਸੀਪਲ ਸ. ਗੁਰਦੇਵ ਸਿੰਘ ਨੱਤ ਸਵਰਗਵਾਸ



ਆਪ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰਿੰਸੀਪਲ ਸ. ਗੁਰਦੇਵ ਸਿੰਘ ਨੱਤ ਸਪੁੱਤਰ ਸੁਖਚੈਨ ਸਿੰਘ ਨੱਤ ਜਿਹਨਾਂ ਦਾ ਪਿਛਲਾ ਪਿੰਡ ਰਾਜੋਆਣਾ ਕਲਾਂ ਸੀ, 24 ਦਸੰਬਰ ਨੂੰ ਅਕਾਲ ਚਲਾਣਾ ਕਰ ਗਏ ਹਨ। ਇਹਨਾਂ ਦਾ ਅੰਤਮ ਸਸਕਾਰ ਰਿਵਰਸਾਈਡ ਫਿਊਨਰਲ ਹੋਮ ਵਿਖੇ 7 ਜਨਵਰੀ ਦਿਨ ਸ਼ਨਿਚਰਵਾਰ ਦੁਪਹਿਰ 12.30 ਵਜੇ ਹੋਵੇਗਾ। ਉਪਰੰਤ ਉਹਨਾਂ ਨਮਿਤ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਗੁਰੂ ਨਾਨਕ ਸਿੱਖ ਟੈਂਪ ਸਰੀ ਵਿਖੇ ਦੁਪਹਿਰ 2.30 ਵਜੇ ਹੋਵੇਗੀ।

## ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਕਰ ਸਕਦੇ ਹੋ

## ਗੁਰਬਿੰਦਰ ਨੱਤ:604-835-7511 ਜਾਂ ਇਸ਼ਵਿੰਦਰ ਨੱਤ:604-345-1400

# ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਚਿਲਾਵੈਕ ਦੀਆਂ ਸੰਗਤਾਂ ਵੱਲੋਂ ਨਵੇਂ ਸਾਲ 2023 ਦੀ ਆਮਦ ਤੇ ਸਜਾਏ ਜਾਣਗੇ ਵਿਸ਼ੇਸ਼ ਦੀਵਾਨ
























ਚਿਲਾਬੈਕ:ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਚਿਲਾਬੈਕ ਵਿਖੇ ਸੰਗਤਾਂ ਵੱਲੋਂ 11 ਦਸੰਬਰ, ਦਿਨ ਐਤਵਾਰ ਨੂੰ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਦਾ ਜਨਮ ਦਿਨ ਅਤੇ ਸੰਗਰਾਂਦ ਦਾ ਦਿਹਾੜਾ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ। ਲੰਗਰ ਦੀ ਸੇਵਾ ਗੁਰਵਿੰਦਰ ਸਿੰਘ ਜੀ ਬਾਠ ਅਤੇ ਪ੍ਰਭਜੀਤ ਸਿੰਘ ਜੀ ਸੋਢੀ ਦੇ ਪਰਿਵਾਰਾਂ ਵੱਲੋਂ ਕਰਵਾਈ ਗਈ।ਅਗਲਾ ਪ੍ਰੋਗਰਾਮ 1 ਜਨਵਰੀ, 2023 ਦਿਨ ਐਤਵਾਰ ਨੂੰ ਸਵੇਰੇ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾਵੇਗਾ।ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਹੁਮ ਹੁਮਾ ਕੇ ਗੁਰੂ ਘਰ ਦਰਸ਼ਨ ਦੇ ਕੇ ਨਵਾਂ ਸਾਲ ਗੁਰੂ ਜੀ ਦੀ ਗੋਦ ਵਿੱਚ ਆਰੰਭ ਕਰੋ ਜੀ।

# iFix WALL & CEILING LTD.




## ਨਵਾਂ ਸਾਲ ਮੁਬਾਰਕ

- TAPPING & FINISHING • BOARDING
- TEXTURED CEILINGS • STEEL STUD
- KITCHEN-BATHROOM
- PAINTING-PLUMBING

**ਟੇਪਰਾਂ ਦੀ ਤੁਰੰਤ ਲੋੜ ਹੈ**

**ਪੂਰੇ ਲੋਅਰ ਮੇਨਲੈਂਡ ਵਿਚ ਸਰਵਿਸ ਕਰਦੇ ਹਾਂ**

**FOR BEST DEAL CALL : HARINDER SINGH DHALIWAL**

**604.760.1732, 604.442-1571**






We do Catering for all Occasion
Special Discount for Gurudwara & Mandir

**Ph: 604-507-9898**

**108-8363 128 Street, Surrey BC**

100% VEGETARIAN

**H Anmol Sweets**


2023
ਨਵੇਂ ਸਾਲ ਦੀਆਂ
ਆਪ ਸਭ ਨੂੰ
ਬਹੁਤ ਬਹੁਤ ਮੁਬਾਰਕਾਂ
Dr. Malkit Singh Sidhu
D.H.M.S. (Hons.)
Dr. Kirandeep Kaur Sidhu
D.H.M.S. (Pb.)
Sidhu Homeopathic Clinic
Ph: 604-446-3154
NO SIDE EFFECTS
#109-12830-80Ave Surrey, BC V3W 3A8 (York Centre)


GURNAAZ
WORLDWIDE
IMMIGRATION
iccrc
GWIS
LIVE YOUR DREAM
ਅਸੀਂ ਇੰਮੀਗਰੇਸ਼ਨ ਦੀਆਂ ਸਾਰੀਆਂ
ਸੇਵਾਵਾਂ ਪ੍ਰਦਾਨ ਕਰਦੇ ਹਾਂ।
2023
Happy New Year
Wishes Diary
May your all Resolutions will surely make you happy in the
ਆਪਣੀ ਇੰਮੀਗਰੇਸ਼ਨ ਦੀ ਹਰ ਤਰਾਂ ਦੀ ਜ਼ਰੂਰਤ ਲਈ ਅੱਜ ਹੀ ਸਾਨੂੰ ਸੰਪਰਕ ਕਰੋ
778-869-1097, 778-862-0034
#201-12677 80 Ave Surrey, BC V3W 3A6
www.gurnaazimmigration.com
info@gurnaazimmigration.com
Above Mayuri Dosa House

# The Builder's Direct

Experienced & Honest

**Bath & Kitchen Fixtures**

ਸਿੱਖ ਕੌਮ ਦੇ
ਨਾਨਕਸ਼ਾਹੀ ਕੈਲੰਡਰ ਮੁਤਾਬਕ
5 ਜਨਵਰੀ ਨੂੰ ਦਸਮ ਪਿਤਾ ਸਰਬੰਸਦਾਨੀ
ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਹਾੜੇ ਦੀਆਂ

**ਆਪ ਸਭ ਸੰਗਤਾਂ ਨੂੰ**

**ਲੱਖ ਲੱਖ ਵਧਾਈਆਂ**

ਪਰਮਿੰਦਰ ਸਿੰਘ

ਹਰਜੀਤ ਸਿੰਘ ਸਹੋਤਾ

**604-593-7755**

12652-82 Ave, Surrey BC

# ਹਸਗੁੱਲੇ

ਕੁੜੀ (ਵੇਟਰ ਨੂੰ), ''ਇਹ ਜੋ ਸਾਹਮਣੇ ਮੁੰਡਾ ਬੈਠਾ ਹੈ, ਇਸ ਦਾ ਨਾਂ ਕੀ ਹੈ?''
ਵੇਟਰ, ''ਇਹ ਤਾਂ ਪੰਕਜ ਹੈ।''
ਕੁੜੀ, ''ਇਹ ਮੈਨੂੰ ਪਿਛਲੇ ਇਕ ਘੰਟੇ ਤੋਂ ਪਰੇਸ਼ਾਨ ਕਰ ਰਿਹਾ ਹੈ।''
ਵੇਟਰ, ''...ਪਰ ਉਹ ਤਾਂ ਤੁਹਾਡੇ ਵੱਲ ਦੇਖ ਵੀ ਨਹੀਂ ਰਿਹਾ।''
ਕੁੜੀ, ''ਇਹੋ ਤਾਂ ਪ੍ਰੇਸ਼ਾਨੀ ਹੈ।''

********

ਜੱਜ (ਫੜੇ ਗਏ ਚੋਰ ਨੂੰ), ''ਚੰਗਾ ਤਾਂ ਤੂੰ ਚਾਰ ਵਾਰ ਇਕੋ ਦੁਕਾਨ ਦਾ ਤਾਲਾ ਤੋੜਦਾ ਫੜਿਆ ਗਿਆ ਏਂ?''
ਚੋਰ, ''ਜੀ ਸਾਹਿਬ।''
ਜੱਜ, ''ਤੂੰ ਕੀ ਚੋਰੀ ਕੀਤਾ ਸੀ?''
ਚੋਰ, ''ਸਾਹਿਬ, ਮੈਂ ਇਕ ਡ੍ਰੈਸ ਚੋਰੀ ਕੀਤੀ ਸੀ।''
ਜੱਜ, ''ਜਦੋਂ ਤੂੰ ਇਕ ਵਾਰ ਡ੍ਰੈਸ ਚੋਰੀ ਕਰ ਲਈ ਸੀ ਤਾਂ ਫਿਰ ਚਾਰ ਵਾਰ ਉਥੇ ਜਾਣ ਦੀ ਕੀ ਲੋੜ ਸੀ?''
ਚੋਰ, ''ਸਾਹਿਬ, ਜਿਹੜੀਆਂ ਤਿੰਨ ਡ੍ਰੈਸਾਂ ਮੈਂ ਪਹਿਲਾਂ ਚੋਰੀ ਕੀਤੀਆਂ ਸਨ, ਉਨ੍ਹਾਂ ਦਾ ਰੰਗ ਮੇਰੀ ਘਰ ਵਾਲੀ ਨੂੰ ਪਸੰਦ ਨਹੀਂ ਆਇਆ ਸੀ।''

********

ਪਤਨੀ, ''ਤੁਸੀਂ ਮੈਨੂੰ ਵਿਆਹ ਤੋਂ ਪਹਿਲਾਂ ਕਿਉਂ ਨਹੀਂ ਦੱਸਿਆ ਕਿ ਤੁਹਾਡੀ ਪਹਿਲਾਂ ਹੀ ਰਾਣੀ ਨਾਂ ਦੀ ਪਤਨੀ ਹੈ?
ਪਤੀ, ''ਮੈਂ ਵਿਆਹ ਤੋਂ ਪਹਿਲਾਂ ਦੱਸਿਆ ਸੀ ਕਿ ਮੈਂ ਤੈਨੂੰ ਰਾਣੀ ਵਾਂਗ ਰੱਖਾਂਗਾ।''

********

ਪਤਨੀ (ਪਤੀ ਨੂੰ), ''ਜੇ ਮੈਂ ਗੁਆਚ ਗਈ ਤਾਂ ਤੁਸੀਂ ਕੀ ਕਰੋਗੇ?''
ਪਤੀ, ''ਮੈਂ ਇਸ਼ਤਿਹਾਰ ਕਢਵਾਵਾਂਗਾ ਕਿ ਜਿਥੇ ਵੀ ਰਹੋਂ, ਖੁਸ਼ ਰਹੋਂ।''

********

ਸ਼ਰਾਬੀ (ਡਾਕਟਰ ਨੂੰ), ''ਤੁਸੀਂ ਮੇਰੀ ਸ਼ਰਾਬ ਛੁਡਵਾ ਸਕਦੇ ਹੋ?''
ਡਾਕਟਰ, ''ਹਾਂ, ਕਿਉਂ ਨਹੀਂ।''
ਸ਼ਰਾਬੀ, ''...ਤਾਂ ਪੁਲਸ ਨੇ ਮੇਰੀਆਂ 20 ਬੋਤਲਾਂ ਸ਼ਰਾਬ ਦੀਆਂ ਫੜੀਆਂ ਹਨ, ਪਲੀਜ਼ ਛੁਡਵਾ ਦਿਓ।''

********

ਪਤੀ (ਪਤਨੀ ਨੂੰ), ''ਮੈਂ ਰਾਤੀਂ ਦੇਖਿਆ।''
ਪਤਨੀ , ''ਕੀ ਦੇਖਿਆ?''
ਪਤੀ, ''...ਕਿ ਤੂੰ ਪਿਆਰ ਕਰ ਰਹੀ ਏਂ?''
ਪਤਨੀ, ''ਕਿਸ ਨਾਲ?'
ਪਤੀ, ''ਉਹੋ ਤਾਂ ਮੈਂ ਪਛਾਣ ਨਹੀਂ ਸਕਿਆ। ਰਾਤੀਂ ਮੈਂ ਬਿਨਾਂ ਐਨਕ ਦੇ ਹੀ ਸੌਂ ਗਿਆ ਸੀ।''

********

ਮੋਹਿਤ ਦੀ ਪਤਨੀ ਸ਼ਰਮੀਲਾ ਉਸ ਨੂੰ ਕਹਿਣ ਲੱਗੀ, ''ਤੁਸੀਂ ਹਜ਼ਾਰਾਂ ਵਿੱਚੋਂ ਇਕ ਹੋ।''
ਮੋਹਿਤ ਨੇ ਉਸ ਨੂੰ ਥੱਪੜ ਮਾਰਿਆ ਅਤੇ ਪੁੱਛਿਆ, ''ਬਾਕੀ ਦੇ 999 ਕੌਣ ਹਨ?''

********

ਪਤਨੀ, ''ਮੈਂ ਕਿਹਾ ਜੀ ਸੁਣਦੇ ਹੋ? ਇਹ ਜੋ ਤੁਸੀਂ ਪੈਂਟ ਵਾਰ-ਵਾਰ ਉਪਰ ਚੁੱਕਦੇ ਹੋ, ਬਹੁਤ ਬੁਰਾ ਲੱਗਦਾ ਹੈ।''
ਪਤੀ, ''ਮੇਰਾ ਖਿਆਲ ਹੈ ਕਿ ਜੇ ਮੈਂ ਪੈਂਟ ਉਪਰ ਨਾ ਚੁੱਕਾਂ ਤਾਂ ਹੋਰ ਵੀ ਬੁਰਾ ਲੱਗੇਗਾ।''

********

ਅਧਿਆਪਕ (ਸਾਹਿਲ ਨੂੰ), ''ਜਦੋਂ ਮੈਂ ਤੇਰੇ ਜਿੱਡਾ ਸੀ, ਮੇਰੇ 100 ਵਿੱਚੋਂ 100 ਨੰਬਰ ਆਉਂਦੇ ਸਨ।''
ਸਾਹਿਲ, ''ਸਰ, ਤੁਹਾਨੂੰ ਕੋਈ ਚੰਗਾ ਅਧਿਆਪਕ ਪੜ੍ਹਾਉਂਦਾ ਹੋਵੇਗਾ।''

********

ਇਕ ਵਾਰ ਯਮਰਾਜ ਨਰਕ ਦੇ ਦੌਰੇ 'ਤੇ ਨਿਕਲੇ।
ਉਨ੍ਹਾਂ ਦੇਖਿਆ; ਇਕ ਕੋਨੇ ਵਿੱਚ ਬਹੁਤ ਸਾਰੀਆਂ ਔਰਤਾਂ ਆਪੋ ਵਿੱਚ ਹਾਸਾ-ਮਜ਼ਾਕ ਕਰ ਰਹੀਆਂ ਸਨ।
ਉਨ੍ਹਾਂ ਯਮਦੂਤ ਨੂੰ ਬੁਲਾ ਕੇ ਪੁੱਛਿਆ ਕਿ ਇਹ ਕੌਣ ਹਨ, ਜੋ ਨਰਕ ਵਿੱਚ ਵੀ ਮਜ਼ਾ ਕਰ ਰਹੀਆਂ ਹਨ।
ਯਮਦੂਤ ਨੇ ਜਵਾਬ ਦਿੱਤਾ, ''ਹਿੰਦੋਸਤਾਨੀ ਔਰਤਾਂ ਹਨ, ਕੰਬਖ਼ਤ ਜਿਥੇ ਵੀ ਜਾਂਦੀਆਂ ਹਨ, ਐਡਜਸਟ ਹੋ ਜਾਂਦੀਆਂ ਹਨ, ਕਹਿੰਦੀਆਂ ਹਨ ਕਿ ਬਿਲਕੁਲ ਸਹੁਰੇ ਘਰ ਵਰਗਾ ਮਾਹੌਲ ਹੈ।''

********

ਇਕ ਸ਼ਰਾਬੀ ਨੇ ਰਾਤ 12 ਵਜੇ ਸ਼ਰਾਬ ਦੀ ਦੁਕਾਨ ਦੇ ਮਾਲਕ ਨੂੰ ਫੋਨ ਕੀਤਾ ਅਤੇ ਪੁੱਛਿਆ, ''ਤੁਹਾਡੀ ਦੁਕਾਨ ਕਦੋਂ ਖੁੱਲ੍ਹੇਗੀ?''
ਦੁਕਾਨਦਾਰ, ''ਸਵੇਰੇ 9 ਵਜੇ।''
ਕੁਝ ਦੇਰ ਪਿੱਛੋਂ ਸ਼ਰਾਬੀ ਨੇ ਮੁੜ ਦੁਕਾਨਦਾਰ ਨੂੰ ਫੋਨ ਕਰ ਦਿੱਤਾ ਤੇ ਪੁੱਛਿਆ, ''ਭਾਈ ਸਾਹਿਬ, ਤੁਹਾਡੀ ਦੁਕਾਨ ਕਦੋਂ ਖੁੱਲ੍ਹੇਗੀ?''
ਦੁਕਾਨਦਾਰ, ''ਓ ਤੈਨੂੰ ਕਿੰਨੀ ਵਾਰ ਦੱਸਾਂ ਕਿ ਦੁਕਾਨ ਸਵੇਰੇ 9 ਵਜੇ ਖੁੱਲ੍ਹੇਗੀ। ਇਸ ਲਈ 9 ਵਜੇ ਆਵੀਂ ਅਤੇ ਜੋ ਵੀ ਚਾਹੀਦਾ ਹੈ, ਲੈ ਜਾਵੀਂ।''
ਸ਼ਰਾਬੀ, ''ਓ ਮੈਂ ਤੁਹਾਡੀ ਦੁਕਾਨ ਦੇ ਅੰਦਰੋਂ ਹੀ ਬੋਲ ਰਿਹਾ ਹਾਂ।''

********

ਸਿੰਗਲਾ ਤੇ ਬੱਬੂ ਇਕ ਦੁਕਾਨ 'ਤੇ ਗਏ। ਉਥੇ ਸਿੰਗਲੇ ਨੇ ਤਿੰਨ ਚਾਕਲੇਟਾਂ ਚੋਰੀ ਕਰ ਲਈਆਂ।
ਜਦੋਂ ਦੋਵੇਂ ਬਾਹਰ ਆਏ ਤਾਂ ਸਿੰਗਲਾਂ ਫੜ੍ਹਾਂ ਮਾਰਦਾ ਕਹਿਣ ਲੱਗਾ, ''ਮੈਂ ਤਿੰਨ ਚਾਕਲੇਟਾਂ ਚੋਰੀ ਕੀਤੀਆਂ ਅਤੇ ਕਿਸੇ ਨੂੰ ਪਤਾ ਵੀ ਨਹੀਂ ਲੱਗਾ। ਕੀ ਤੂੰ ਇੰਝ ਕਰ ਸਕਦਾ ਏਂ?''
ਇਹ ਸੁਣ ਕੇ ਬੱਬੂ ਨੂੰ ਗੁੱਸਾ ਆ ਗਿਆ ਤੇ ਉਹ ਬੋਲਿਆ, ''ਚੱਲ ਮੈਂ ਤੈਨੂੰ ਇਸ ਨਾਲੋਂ ਵੀ ਵਧੀਆ ਚੀਜ਼ ਦਿਖਾਉਂਦਾ ਹਾਂ।''
ਉਹ ਦੋਵੇਂ ਮੁੜ ਅੰਦਰ ਚਲੇ ਗਏ। ਉਥੇ ਜਾ ਕੇ ਬੱਬੂ ਨੇ ਦੁਕਾਨਦਾਰ ਨੂੰ ਕਿਹਾ, ''ਕੀ ਤੁਸੀਂ ਜਾਦੂ ਦੇਖਣਾ ਚਾਹੁੰਦੇ ਹੋ?''
ਦੁਕਾਨਦਾਰ ਬੋਲਿਆ, ''ਹਾਂ ਦੇਖਣਾ ਹੈ।''
ਬੱਬੂ, ''...ਤਾਂ ਫਿਰ ਮੈਨੂੰ ਇਕ ਚਾਕਲੇਟ ਦਿਓ।''
ਦੁਕਾਨਦਾਰ ਨੇ ਬੱਬੂ ਨੂੰ ਚਾਕਲੇਟ ਦਿੱਤੀ ਅਤੇ ਉਸ ਨੇ ਉਹ ਚਾਕਲੇਟ ਖਾ ਕੇ ਦੂਜੀ ਚਾਕਲੇਟ ਮੰਗੀ। ਇਸ ਤਰ੍ਹਾਂ ਬੱਬੂ ਜਦੋਂ ਤੀਜੀ ਚਾਕਲੇਟ ਖਾਣ ਲੱਗਾ ਤਾਂ ਦੁਕਾਨਦਾਰ ਨੇ ਪੁੱਛਿਆ, ''ਇਸ ਵਿੱਚ ਜਾਦੂ ਕਿਥੇ ਹੈ?''
ਬੱਬੂ, ''ਮੇਰੇ ਦੋਸਤ ਦੀ ਜੇਬ ਵਿੱਚ ਦੇਖੋ, ਤੁਹਾਨੂੰ ਤੁਹਾਡੀਆਂ ਤਿੰਨੇ ਚਾਕਲੇਟਾਂ ਖਾਧੀਆਂ ਮੈਂ ਹਨ, ਪਰ ਇਹ ਮੇਰੇ ਮਿੱਤਰ ਦੀ ਜੇਬ ਵਿੱਚੋਂ ਵਾਪਸ ਮਿਲ ਜਾਣਗੀਆਂ।''

********

ਇਕ ਡਾਕਟਰ ਦੇ ਕਲੀਨਿਕ ਦੇ ਬਾਹਰ ਮਰੀਜ਼ਾਂ ਦੀ ਭੀੜ ਲੱਗੀ ਹੋਈ ਸੀ। ਜਦੋਂ ਵੀ ਕੋਈ ਆਦਮੀ ਅੱਗੇ ਜਾਂਦਾ, ਉਸ ਨੂੰ ਲੋਕ ਫੜ ਕੇ ਪਿੱਛੇ ਖਿੱਚ ਲੈਂਦੇ। ਇਕ ਆਦਮੀ ਨੇ ਕਈ ਵਾਰ ਅੱਗੇ ਜਾਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੂੰ ਵੀ ਲੋਕਾਂ ਨੇ ਪਿੱਛੇ ਖਿੱਚ ਲਿਆ। 5-6 ਵਾਰ ਪਿੱਛੇ ਖਿੱਚੇ ਜਾਣ ਤੋਂ ਬਾਅਦ ਉਹ ਆਦਮੀ ਚੀਕਿਆ; 'ਸਾਲਿਓ! ਲੱਗੇ ਰਹੋ ਲਾਈਨ ਵਿੱਚ, ਮੈਂ ਅੱਜ ਕਲੀਨਿਕ ਹੀ ਨਹੀਂ ਖੋਲ੍ਹਾਂਗਾ।''

********

ਪੰਮਾ ਰੇਲ ਪਟੜੀ 'ਤੇ ਲੇਟ ਕੇ ਆਤਮ ਹੱਤਿਆ ਕਰਨੀ ਚਾਹੁੰਦਾ ਸੀ ਅਤੇ ਆਪਣੇ ਨਾਲ ਥੋੜ੍ਹੀ ਵ੍ਹਿਸਕੀ ਤੇ ਚਿਕਨ ਲੈ ਗਿਆ।
ਕਿਸੇ ਨੇ ਰੋਕਿਆ ਅਤੇ ਪੁੱਛਿਆ, ''ਇਹ ਕੀ ਹੈ, ਇਹ ਸਭ ਲੈ ਕੇ ਕਿਉਂ ਬੈਠਾ ਏਂ?''
ਪੰਮੇ ਨੇ ਜਵਾਬ ਦਿੱਤਾ, ''ਸਾਲੀ ਰੇਲ ਗੱਡੀ ਲੇਟ ਆਉਂਦੀ ਹੈ, ਕਿਤੇ ਭੁੱਖ ਨਾਲ ਨਾ ਮਰ ਜਾਵਾਂ।''

********

ਪ੍ਰਿੰਸੀਪਲ- ਫੋਟੋਗ੍ਰਾਫਰ ਸਾਬ 20 ਰੁਪਏ ਹੀ ਰੇਟ ਚਲਦਾ ਫੋਟੋ ਦਾ, 20 ਰੁਪਏ ਹੀ ਮਿਲਣਗੇ।
ਫੋਟੋਗ੍ਰਾਫਰ- ਠੀਕ ਆ ਜੀ।
ਪ੍ਰਿੰਸੀਪਲ ਅਧਿਆਪਕਾਂ ਨੂੰ- ਵਿਦਿਆਰਥੀਆਂ ਨੂੰ 40 ਰੁਪਏ ਫੋਟੋ ਦੇ ਲਿਆਉਣ ਲਈ ਕਹੋ।
ਅਧਿਆਪਕ ਵਿਦਿਆਰਥੀਆਂ ਨੂੰ- ਬੱਚਿਓ ਕੱਲ੍ਹ ਤਹਾਡਾ ਫੋਟੋਸ਼ੂਟ ਹੈ, 60-60 ਰੁਪਏ ਲੈ ਕਿ ਆਉਣਾ।
ਬੱਚਾ ਸੋਚਦਾ 20 ਰੁਪਏ ਦੀ ਫੋਟੋ ਆ ਤੇ 60 ਕਹਿ ਰਹੇ ਆ। ਇਨ੍ਹਾਂ ਸਟਾਫ ਰੂਮ 'ਚ ਬਹਿ ਕਿ ਸਮੋਸੇ ਖਾਣੇ ਆ, ਆਪਾ ਵੀ ਖਾਵਾਂਗੇ।
ਵਿਦਿਆਰਥੀ ਮਾਂ ਨੂੰ- ਮੰਮੀ 100 ਰੁਪਏ ਮੰਗਵਾਏ ਸਕੂਲ ਵਾਲਿਆਂ ਨੇ ਫੋਟੋ ਲਈ।
ਮਾਂ- ਖਸਮਾ ਨੂੰ ਖਾਣਿਆਂ ਲੁੱਟ ਮਚਾਈ ਏ, ਰੌਲਾ ਪਾਉਂਦੀ ਮਾਂ ਘਰਵਾਲੇ ਦੇ ਕਮਰੇ 'ਚ ਜਾ ਕੇ ਕਹਿੰਦੀ, ਆ ਦਿਉ ਜੀ 200 ਰੁਪਏ, ਸਕੂਲ ਭੇਜਣੇ* ਕਰ ਲਓ ਦੇਸ਼ ਭਰਿਸ਼ਟਾਚਾਰ ਮੁਕਤ.....!!!!!

********


ਇਕ ਔਰਤ (ਸਬਜ਼ੀ ਵਾਲੇ ਨੂੰ)-ਭਾਈ, ਤੇਰੇ ਬੈਂਗਣ ਤਾਂ ਸਾਰੇ ਕਾਣੇ ਆਂ।
ਸਬਜ਼ੀ ਵਾਲਾ-ਤਾਂ ਕੀ ਹੋਇਆ ਬੀਬੀ ਜੀ, ਤੁਸੀਂ ਤਾਂ ਸਬਜ਼ੀ ਹੀ ਬਣਾਉਣੀ ਆਂ, ਤੁਸੀਂ ਕਿਹੜਾ ਇਨ੍ਹਾਂ ਤੋਂ ਅਖ਼ਬਾਰ ਪੜ੍ਹਾਉਣੀ ਆਂ।

*************

ਰਾਕੇਸ਼-ਅੱਜ ਰਾਤ ਤੁਹਾਨੂੰ ਮੇਰੇ ਨਾਲ ਭੋਜਨ ਕਰਨ ਵਿਚ ਕੋਈ ਇਤਰਾਜ਼ ਤਾਂ ਨਹੀਂ? ਮੰਨੀ ਬਿਲਕੁਲ ਨਹੀਂ, ਮੈਨੂੰ ਤਾਂ ਸਗੋਂ ਬਹੁਤ ਖੁਸ਼ੀ ਹੋਵੇਗੀ।
ਰਾਕੇਸ਼-ਤਾਂ ਫਿਰ ਠੀਕ ਆ, ਤੁਸੀਂ ਘਰੇ ਰਹਿਣਾ, ਮੈਂ 8 ਕੁ ਵਜੇ ਰਾਤ ਨੂੰ ਤੁਹਾਡੇ ਘਰ ਖਾਣਾ ਖਾਣ ਆ ਰਿਹਾ ਹਾਂ।

*************

ਪਿਤਾ-ਓਹ ਦੀਪਿਆ, ਜੇ ਤੂੰ ਇਸ ਵਾਰੀ ਵੀ ਦਸਵੀਂ ਪਾਸ ਨਾ ਕੀਤੀ ਤਾਂ ਮੈਨੂੰ ਆਪਣਾ ਮੂੰਹ ਨਾ ਦਿਖਾਈਂ।
ਦੀਪਾ-ਠੀਕ ਆ ਡੈਡੀ ਜੀ, ਮੈਂ ਘੁੰਡ ਕੱਢ ਕੇ ਆ ਜਾਊਂਗਾ।


SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ
Civil Litigation
*Contract Disputes
*Construction Disputes
*Debt Collection
*Business Disputes
*Builders Lien
Divorce Cases
Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution
Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits


604.543.3886
SINGH THIND & ASSOCIATES
BARRISTERS & SOLICITORS

# ਇੰਡੀਆ ਦੀ ਪਾਰਲੀਮੈਂਟ 'ਚ ਕੀਤੇ ਜਾ ਰਹੇ ਭਾਸ਼ਣ ਗੰਭੀਰਤਾ ਤੋਂ ਸੱਖਣੀ ਫੋਕੀ ਬਿਆਨਬਾਜ਼ੀ

ਪੰਜਾਬ ਵਿਚ ਨਸ਼ਿਆਂ ਦੀ ਵੱਧ ਰਹੀ ਮਾਰ ਦੇ ਮਾਮਲੇ ਉੱਤੇ ਸਿਆਸੀ ਪਾਰਟੀਆਂ ਵੱਲੋਂ ਇੱਕ ਦੂਜੇ ਬਾਰੇ ਕੀਤੀ ਜਾ ਰਹੀ ਦੂਸ਼ਣਬਾਜੀ ਅਤੇ ਇੰਡੀਆ ਦੀ ਪਾਰਲੀਮੈਂਟ ਵਿੱਚ ਕੀਤੇ ਜਾ ਰਹੇ ਭਾਸ਼ਣ ਗੰਭੀਰਤਾ ਤੋਂ ਸੱਖਣੀ ਫੋਕੀ ਬਿਆਨਬਾਜ਼ੀ ਹੈ ਜਿਸ ਵਿਚੋਂ ਇਸ ਮਸਲੇ ਦਾ ਹੱਲ ਨਹੀਂ ਨਿਕਲ ਸਕਦਾ। ਨਸ਼ਿਆਂ ਦਾ ਮਸਲਾ ਕਿਸੇ ਵੀ ਸਮਾਜ ਲਈ ਬਹੁਤ ਗੰਭੀਰ ਮਸਲਾ ਹੁੰਦਾ ਹੈ ਜਿਸਦੇ ਸਾਰੇ ਪੱਖਾਂ ਨੂੰ ਵਿਚਾਰ ਕੇ, ਇਸ ਦੇ ਕਾਰਨਾਂ ਦੀ ਸ਼ਨਾਖਤ ਕਰਕੇ ਅਤੇ ਨਸ਼ੇ ਤੰਤਰ ਦੇ ਕਲਪੁਰਜਿਆਂ ਦੀ ਨਿਸ਼ਾਨਦੇਹੀ ਕਰਕੇ ਹੀ ਹੱਲ ਕੱਢੇ ਜਾ ਸਕਦੇ ਹਨ ਪਰ ਇਸ ਵੇਲੇ ਚੱਲ ਰਹੀ ਸਿਆਸੀ ਬਿਆਨਬਾਜ਼ੀ ਵਿਚੋਂ ਤਕਰੀਬਨ ਇਹ ਸਾਰੇ ਪੱਖ ਮਨਫੀ ਹਨ। ਨਸ਼ਿਆਂ ਦੇ ਮਸਲੇ ਦੀ ਗੰਭੀਰਤਾ ਦਾ ਪਤਾ ਇਸ ਗੱਲ ਤੌਂ ਲੱਗਦਾ ਹੈ ਕਿ ਦੂਜੀ ਸੰਸਾਰ ਜੰਗ ਤੌਂ ਬਾਅਦ ਯੁਨਾਇਟਡ ਨੇਸ਼ਨਜ਼ ਵਿਚ ਨਸਲਕੁਸ਼ੀ ਵਿਰੋਧੀ ਕਾਨੂੰਨ ਉੱਤੇ ਚਰਚਾ ਮੌਕੇ ਕੌਮਾਂਤਰੀ ਕਾਨੂੰਨ ਕਮਿਸ਼ਨ ਨੇ ਆਪਣੀ ਇਕ ਸਿਫਾਰਿਸ਼ ਵਿਚ ਨਸ਼ਿਆਂ ਨੂੰ ਨਸਲਕੁਸ਼ੀ ਦਾ ਸੰਦ ਦੱਸਦਿਆਂ ਇਸ ਨੂੰ ਨਸਲਕੁਸ਼ੀ ਦੀ ਪਰਿਭਾਸ਼ਾ ਵਿਚ ਸ਼ਾਮਿਲ ਕਰਨ ਦੀ ਹਿਮਾਇਤ ਕੀਤੀ ਸੀ ਅਤੇ ਕਿਹਾ ਸੀ ਕਿ ਸਰਕਾਰਾਂ ਖਾਸ ਹਾਲਾਤ ਵਿਚ ਨਸ਼ਿਆਂ ਦੇ ਪਸਾਰੇ ਨੂੰ ਨਸਲਕੁਸ਼ੀ ਦੇ ਸਾਧਨ ਵਜੋਂ ਵਰਤਦੀਆਂ ਹਨ।

ਪੰਜਾਬ ਵਿਚ ਨਸ਼ਿਆਂ ਦੀ ਮਾਰ ਕੋਈ ਆਪਣੇ ਆਪ ਪੈਦਾ ਹੋਇਆ ਵਰਤਾਰਾ ਨਹੀਂ ਹੈ, ਇਸ ਪਿੱਛੇ ਹਿੰਦ ਸਟੇਟ ਦੀ ਵਿਓਂਤ ਕੰਮ ਕਰ ਰਹੀ ਹੈ। ਪੰਜਾਬ ਵਿਚ ਨਸ਼ਿਆਂ ਦਾ ਪਸਾਰਾ ਖਾੜਕੂ ਸੰਘਰਸ਼ ਤੋਂ ਬਾਅਦ ਸ਼ੁਰੂ ਹੋਇਆ ਹੈ। ਸਿਰਫ ਪੰਜਾਬ ਹੀ ਨਹੀਂ ਮਨੀਪੁਰ, ਨਾਗਾਲੈਂਡ ਜਿਹੇ ਉੱਤਰ-ਪੂਰਬ ਦੇ ਸੂਬਿਆਂ ਸਮੇਤ ਇੰਡੀਆ ਵਿਚ ਜਿੱਥੇ ਵੀ ਲੋਕਾਂ ਨੇ ਆਪਣੇ ਸਿਆਸੀ ਹੱਕ ਲਈ ਖਾੜਕੂ ਜੱਦੋ-ਜਹਿਦ ਕੀਤੀ ਹੈ ਓਥੇ ਹੀ ਨਸ਼ੇ ਬਹੁਤ ਤੇਜੀ ਨਾਲ ਫੈਲੇ ਹਨ ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਸਭ ਕੇਂਦਰੀ ਪੱਧਰ ਉੱਤੇ ਨੀਤੀਬਧ ਤਰੀਕੇ ਨਾਲ ਹੋ ਰਿਹਾ ਹੈ। ਇਹ ਗੱਲ ਖਾਸ ਧਿਆਨ ਦੇਣ ਵਾਲੀ ਹੈ ਕਿ ਪੰਜਾਬ ਵਿਚ ਖਾੜਕੂ ਸੰਘਰਸ਼ ਦੇ ਜਿਸ ਦੌਰ ਨੂੰ ਸਰਕਾਰਾਂ ਕਾਲਾ ਦੌਰ ਕਹਿ ਕੇ ਪ੍ਰਚਾਰਦੀਆਂ ਹਨ, ਉਸ ਵੇਲੇ ਪੰਜਾਬ ਇਹਨਾ ਨਸ਼ਿਆਂ ਦੀ ਮਾਰ ਤੌਂ ਮੁਕਤ ਰਿਹਾ ਹੈ। ਹੁਣ ਇਸ ਗੱਲ ਦੇ ਪ੍ਰਮਾਣ ਸਾਹਮਣੇ ਆ ਚੁੱਕੇ ਹਨ ਕਿ ਖਾੜਕੂ ਲਹਿਰ ਦੇ ਮੱਠੇ ਪੈਣ ਤੋਂ ਬਾਅਦ ਸਰਕਾਰਾਂ ਵੱਲੋਂ ਪੰਜਾਬ ਪੁਲਿਸ ਦਾ ਸੱਭਿਆਚਰਕ ਵਿੰਗ ਬਣਾ ਕੇ ਪੰਜਾਬ ਵਿਚ ਅਖਾੜਿਆਂ ਤੇ ਗੀਤਾਂ ਰਾਹੀਂ ਨਸ਼ਿਆਂ ਨੂੰ ਵਡਿਆਉਣਾ ਸ਼ੁਰੂ ਕੀਤਾ ਜਿਸ ਤੋਂ ਬਾਅਦ ਪੰਜਾਬ ਵਿਚ ਨਸ਼ੇ ਤੇਜੀ ਨਾਲ ਫੈਲੇ ਹਨ।

ਨਸ਼ਿਆਂ ਦਾ ਪੰਜਾਬ ਵਿਚਲਾ ਤੰਤਰ ਸਿਆਸੀ, ਪ੍ਰਸ਼ਾਸਨਿਕ ਪੱਧਰ ਦੀ ਭਾਈਵਾਲੀ ਨਾਲ ਹੀ ਚੱਲਦਾ ਹੈ ਜਿਸ ਵਿਚ ਰਾਜਨੇਤਾਵਾਂ, ਅਫਸਰਸ਼ਾਹੀ ਅਤੇ ਪੁਲਿਸ ਦੀ ਵਿਆਪਕ ਸ਼ਮੂਲੀਅਤ ਕਈ ਵਾਰ ਸਾਹਮਣੇ ਆ ਚੁੱਕੀ ਹੈ। ਹਾਲੀਆ ਸਰਕਾਰਾਂ, ਸਮੇਤ ਮੌਜੂਦਾ ਆਪ ਸਰਕਾਰ ਦੇ, ਇਸ ਤੱਥ ਦੀ ਪਰਤੱਖ ਮਿਸਾਲ ਹਨ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਵਾਅਦੇ ਕਰਕੇ ਸੱਤਾ ਵਿਚ ਆਉਂਦੀ ਹਰ ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬ ਵਿਚ ਨਸ਼ੇ ਵਧਦੇ ਹੀ ਜਾ ਰਹੇ ਹਨ। ਪੰਜਾਬ 'ਚ ਨਸ਼ਿਆਂ ਦੇ ਵਧਣ ਵਿਚ ਕੇਂਦਰੀ ਸਰਕਾਰਾਂ, ਏਜੰਸੀਆਂ ਅਤੇ ਫੋਰਸਾਂ ਦੀ ਵੀ ਭੂਮਿਕਾ ਹੈ। ਸਥਾਨਕ ਪੱਧਰ ਉੱਤੇ ਕੇਂਦਰੀ ਏਜੰਸੀਆਂ ਨਸ਼ੇ-ਤੰਤਰ ਵਿਚ ਸਿੱਧੇ-ਅਸਿੱਧੇ ਤੌਰ ਉੱਤੇ ਸ਼ਾਮਿਲ ਹਨ। ਨੀਤੀ ਪੱਧਰ ਉੱਤੇ ਕੇਂਦਰ ਸਰਕਾਰ ਨਸ਼ਿਆਂ ਦੇ ਹਵਾਲੇ ਨਾਲ ਸੱਤਾ ਤੇ ਸਿਆਸੀ ਤਾਕਤਾਂ ਦਾ ਕੇਂਦਰੀਕਰਨ ਕਰ ਰਹੀ ਹੈ। ਬਾਡਰ ਸਕਿਓਰਟੀ ਫੋਰਸ ਦੇ ਖੇਤਰੀ ਦਾਇਰੇ ਵਿਚ ਵਾਧਾ ਅਤੇ ਇੰਡੀਆ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਹਾਲੀਆ ਬਿਆਨ ਇਸ ਦਾ ਪ੍ਰਤੱਖ ਪ੍ਰਮਾਣ ਹੈ। ਜਦੋਂ ਸਰਕਾਰਾਂ, ਏਜੰਸੀਆਂ, ਅਫਸਰਸ਼ਾਹੀ, ਸਿਆਸੀ ਜਮਾਤ ਨਸ਼ਿਆਂ ਦਾ ਮਸਲਾ ਹੱਲ ਕਰਨ ਲਈ ਗੰਭੀਰ ਨਹੀਂ ਹਨ ਬਲਕਿ ਇਸ ਤੰਤਰ ਨੂੰ ਵਿਚ ਸ਼ਾਮਿਲ ਹਨ ਜਾਂ ਇਸ ਨੂੰ ਸਿਰਫ ਆਪਣੇ ਮੁਫਾਦਾਂ ਲਈ ਵਰਤਣਾ ਚਾਹੁੰਦੀਆਂ ਹਨ ਤਾਂ ਅਜਿਹੇ ਵਿਚ ਨਸ਼ਿਆਂ ਵਿਰੁਧ ਸਮਾਜ ਨੂੰ ਖੁਦ ਹੀ ਖੜ੍ਹੇ ਹੋਣਾ ਪਵੇਗਾ। ਨਸ਼ਿਆਂ ਵਿਰੁਧ ਸਥਾਨਕ ਪੱਧਰ ਦੀ ਮਜਬੂਤ ਲਾਮਬੰਦੀ ਦੀ ਲੋੜ ਹੈ ਜੋ ਕਿ ਲੋਕਾਂ ਦੀ ਆਪਣੀ ਸ਼ਮੂਲੀਅਤ ਨਾਲ ਹੀ ਹੋ ਸਕਦੀ ਹੈ। ਇਸ ਵਾਸਤੇ ਸਮਾਜ ਦੇ ਸੁਹਿਰਦ ਹਿੱਸੇ ਇਕੱਠੇ ਹੋ ਕੇ ਪਹਿਲਕਮਦੀ ਕਰਨ।

ਵੱਲੋਂ:ਭਾਈ ਰਾਜਿੰਦਰ ਸਿੰਘ ਮੁਗਲਵਾਲ, ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਦਲਜੀਤ ਸਿੰਘ,ਭਾਈ ਨਰਾਇਣ ਸਿੰਘ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਸਤਨਾਮ ਸਿੰਘ ਝੰਜੀਆਂ,ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਸੁਖਦੇਵ ਸਿੰਘ ਡੋਡ, ਭਾਈ ਅਮਰੀਕ ਸਿੰਘ ਈਸੜੂ,ਭਾਈ ਹਰਦੀਪ ਸਿੰਘ ਮਹਿਰਾਜ ,ਭਾਈ ਮਨਜੀਤ ਸਿੰਘ ਫਗਵਾੜਾ

**ਸਾਂਝਾ ਬਿਆਨ (ਮਿਤੀ:੨੩ ਦਸੰਬਰ ੨੦੨੨**
**(ਪੰਥ ਸੇਵਕ)**

# ਕਸ਼ਮੀਰ ਵਿਚ 'ਭਾਰਤ ਜੋੜੋ ਯਾਤਰਾ' 'ਚ ਸ਼ਾਮਲ ਹੋਣਗੇ ਮਹਿਬੂਬਾ ਮੁਫ਼ਤੀ

ਸ੍ਰੀਨਗਰ: ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀਡੀਪੀ) ਦੇ ਮੁਖੀ ਮਹਿਬੂਬਾ ਮੁਫਤੀ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਕਸ਼ਮੀਰ ਵਿਚ ਕਾਂਗਰਸ ਆਗੂ ਰਾਹੁਲ ਗਾਂਧੀ ਦੀ ਅਗਵਾਈ ਵਾਲੀ 'ਭਾਰਤ ਜੋੜੋ ਯਾਤਰਾ' ਵਿਚ ਸ਼ਾਮਲ ਹੋਣਗੇ।

ਇਕ ਟਵੀਟ ਵਿਚ, ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ, "ਮੈਨੂੰ ਅੱਜ ਰਾਹੁਲ ਗਾਂਧੀ ਦੀ ਕਸ਼ਮੀਰ ਵਿਚ ਭਾਰਤ ਜੋੜੋ ਯਾਤਰਾ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਸੀ।


ਮੈਂ ਉਹਨਾਂ ਦੀ ਹਿੰਮਤ ਨੂੰ ਸਲਾਮ ਕਰਦੀ ਹਾਂ ਅਤੇ ਮੇਰਾ ਮੰਨਣਾ ਹੈ ਕਿ ਉਸ ਵਿਅਕਤੀ ਨਾਲ ਖੜ੍ਹਨਾ ਮੇਰਾ ਫਰਜ਼ ਹੈ ਜਿਸ ਕੋਲ ਫਾਸ਼ੀਵਾਦੀ ਤਾਕਤਾਂ ਨੂੰ ਚੁਣੌਤੀ ਦੇਣ ਦੀ ਹਿੰਮਤ ਹੈ"। ਕਸ਼ਮੀਰ ਵਿਚ ਦਾਖਲ ਹੋਣ ਵਾਲੀ ਯਾਤਰਾ ਵਿਚ ਨੈਸ਼ਨਲ ਕਾਨਫਰੰਸ ਦੇ ਮੁਖੀ ਫਾਰੂਕ ਅਬਦੁੱਲਾ ਦੇ ਵੀ ਸ਼ਾਮਲ ਹੋਣ ਦੀ ਉਮੀਦ ਹੈ।


GARCHA Plumbing Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber



ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha

604-306-3276

Big Or Small, We Do It All





TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

ਦੇਗ ਤੇਗ ਫਤਿਹ | ਪੰਥ ਕੀ ਜੀਤ

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

21 ਦਸੰਬਰ, ਦਿਨ ਬੁੱਧਵਾਰ.......ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।

24 ਦਸੰਬਰ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਲੰਗਰ ਦੀ ਸੇਵਾ ਗਿਆਨੀ ਸੁਰਿੰਦਰ ਸਿੰਘ ਅਤੇ ਪਰਿਵਾਰ ਵਲੋਂ ਹੋਵੇਗੀ।

25 ਦਸੰਬਰ, ਦਿਨ ਐਤਵਾਰ......ਸਵੇਰੇ 9:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਦੀਵਾਨ ਸਜਣਗੇ ਅਤੇ ਲੰਗਰ ਵੀ ਹੋਵੇਗਾ।

30 ਦਸੰਬਰ, ਦਿਨ ਸ਼ੁੱਕਰਵਾਰ.....ਸਵੇਰੇ 10:00 ਵਜੇ ਚੌਹਾਂ ਸਾਹਿਬਜਾਦਿਆਂ ਦਾ ਸ਼ਹੀਦੀ ਦਿਹਾੜਾ ਮਨਾਉਣ ਹਿਤ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਜਾਣਗੇ ਜਿਨ੍ਹਾਂ ਦੇ ਭੋਗ 1 ਜਨਵਰੀ 2023 ਦਿਨ ਐਤਵਾਰ ਸਵੇਰੇ 9:30 ਵਜੇ ਪਾਏ ਜਾਣਗੇ। ਇਸ ਪੁਰਬ ਦੀ ਸੇਵਾ ਭਾਈ ਕੁਲਦੀਪ ਸਿੰਘ ਦੇਹਲ ਅਤੇ ਪਰਿਵਾਰ ਵਲੋਂ ਕੀਤੀ ਜਾਵੇਗੀ।

31 ਦਸੰਬਰ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਲੰਗਰ ਦੀ ਸੇਵਾ ਭਾਈ ਹਰਵਿੰਦ ਸਿੰਘ ਪੋਆਰ ਅਤੇ ਪਰਿਵਾਰ ਵਲੋਂ ਹੋਵੇਗੀ।

31 ਦਸੰਬਰ, ਦਿਨ ਸ਼ਨਿੱਚਰਵਾਰ..ਸ਼ਾਮ ਨੂੰ ਨਵੇਂ ਸਾਲ ਦੀ ਆਮਦ ਦੀ ਖੁਸ਼ੀ ਵਿਚ 7:00 ਵਜੇ ਤੋਂ 12:00 ਵਜੇ ਤੱਕ ਕੀਰਤਨ ਹੋਵੇਗਾ, ਇਸ ਸਮੇਂ ਤੇ ਲੰਗਰ ਦੀ ਸੇਵਾ ਬੀਬੀ ਕਸ਼ਮੀਰ ਕੌਰ ਰਾਏ ਅਤੇ ਪਰਿਵਾਰ ਵਲੋਂ ਹੋਵੇਗੀ।

1 ਜਨਵਰੀ, ਦਿਨ ਐਤਵਾਰ......ਸਵੇਰ ਨੂੰ 9:00 ਵਜੇ ਤੋਂ ਸ਼ਾਮ ਦੇ 8:00 ਵਜੇ ਤੱਕ ਕੀਰਤਨ ਹੋਵੇਗਾ ਅਤੇ ਲੰਗਰ ਵੀ ਹੋਵੇਗਾ।

3 ਜਨਵਰੀ, ਦਿਨ ਮੰਗਲਵਾਰ....ਸ਼ਾਮ ਨੂੰ 6:00 ਵਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਉਪਰੰਤ ਪਾਠ ਅਰੰਭ ਹੋਣਗੇ, ਜਿਨ੍ਹਾਂ ਦੇ ਭੋਗ 5:00 ਜਨਵਰੀ, ਦਿਨ ਵੀਰਵਾਰ ਸ਼ਾਮ ਨੂੰ 6:00 ਵਜੇ ਪਾਏ ਜਾਣਗੇ ਉਪਰੰਤ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।


ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇਂ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

# Home Improvement

## TOOR LANDSCAPING & FENCE

RESIDENTIAL & COMMERCIAL

- ਅਸੀਂ ਨਵੇਂ ਅਤੇ ਪੁਰਾਣੇ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- 2X3 ਦਾ ਫਰੇਮ ਸੋਲਿਡ $240 ਦਾ ਪੈਨਲ
- ਪੁਰਾਣੀ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ ਅਸੀਂ ਲੋਹੇ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

**604-729-3225**

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

## iFix WALL & CEILING LTD.

- TAPPING & FINISHING
- TEXTURED CEILINGS
- KITCHEN-BATHROOM
- BOARDING
- STEEL STUD
- PAINTING-PLUMBING

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੇਂਟਿੰਗ, ਪਲਬਿੰਗ, ਕਿਚਨ, ਵਾਸ਼ ਰੂਮ ਅਤੇ ਇਲੈਕਟ੍ਰੀਕਲ ਰਿਪੇਅਰ ਆਦਿ ਦੇ ਕੰਮਾਂ ਵਿਚ ਮਾਹਿਰ।

ਟੇਪਰਾਂ ਦੀ ਤੁਰੰਤ ਲੋੜ ਹੈ

ਪੂਰੇ ਲੋਅਰ ਮੇਨਲੈਂਡ ਵਿਚ ਸਰਵਿਸ ਕਰਦੇ ਹਾਂ

FOR BEST DEAL CALL : HARINDER SINGH DHALIWAL

**604.760.1732, 604.442-1571**

## ਸੰਦਲ ਰੈਨੋਵੇਸ਼ਨ

Your's Complete Home Renovation

- ਫਰੇਮਿੰਗ
- ਡਰਾਈਵਾਲ
- ਪੇਂਟਿੰਗ
- ਟਾਈਲਜ਼
- ਲੈਮੀਨੇਟ
- ਇਲੈਕਟ੍ਰੀਕਲ
- ਪਲਬਿੰਗ
- ਕਾਰਪੈਟ
- ਰੂਫਿੰਗ ਦਾ ਕੰਮ
- ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

**ਭਿੰਦਰ : 604-725-6270**

## HIGH STAR HOME RENOVATION

ਅਸੀਂ ਰੈਨੋਵੇਸ਼ਨ ਦਾ ਹਰ ਛੋਟਾ ਵੱਡਾ ਕੰਮ ਬਹੁਤ ਹੀ ਵਾਜਬ ਰੇਟ ਉਪਰ ਕਰਦੇ ਹਾਂ।ਨਵੇਂ ਘਰ ਦੀ ਉਸਾਰੀ ਦੀ ਮੁਕੰਮਲ ਦੇਖਭਾਲ ਵੀ ਕਰਦੇ ਹਾਂ ਅਤੇ ਬੇਸਮੈਂਟ ਵੀ ਬਣਾਉਂਦੇ ਹਾਂ।ਅਸੀਂ ਕਸਟਮਮੇਡ ਘਰ ਵੀ ਬਣਾ ਕੇ ਦਿੰਦੇ ਹਾਂ।



Free Estimate ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

**Jagveer: 236-515-4532**

## DAWN RENOVATION

Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ* ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।

Certified Electrician, Builder, Construction & Development



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

**604-716-3534 / 778-881-0236**

daljitsinghdhami@gmail.com

## ਲੱਖੀ ਰੈਨੋਵੇਸ਼ਨ

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
- ਘਰ ਨੂੰ ਵਧਾਉਣਾ
- ਪੇਂਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ



15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :

ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

**ਲੱਖਵਿੰਦਰ ਸੈਂਹਬੀ : 604-621-0206**

lakhwindersembhi@yahoo.ca

## BT LINE PAINTING CO.

ਟੇਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:

Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ

ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal

**Cell: 604-340-7497 Res: 604-543-8064**

## Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:

Residential & Commercial Renovations

- Doors
- Mouldings
- Fire Place
- Base Board
- Hardy Plank
- Wood Floor




**Sanjeev Dhir 778.320.9413**

sanjeevkumarsk52@gmail.com

# HOME IMPROVEMENT

## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

Off: 604-543-6239

#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

Cell: 604-351-2538
Tel:604-596-5474



CLASS "A" CERTIFIED & LICENCED ELECTRICIANS

MANJIT

## SINGH RAJ

RENOVATION CO.



We noticed your house needs minor repair
Unsure ofyourhousehold fixtures?
Just to replace or repair? Get it Done Today!

We guaranteed Singh Raj Renovation is the smartest choice for household small jobs

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

Call Raj: 778-229-9261

## Ambrosia Renovation

Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

Sunny : 778-951-1699

## J&J FRESH LOOK HOMES LTD.




We Built Custom Homes

- New Residential
- Commercial Const.
- Licensed
- Bonded
- Framing
- Roof Trusses
- Floor Trusses
- Other Services

J&J FRAMING LTD
CONSTRUCTION TEAM



WORKERS WANTED
ਕਾਮਿਆਂ ਦੀ ਲੋੜ ਹੈ



Jarnail Singh Maan:
604.832.9308
maanjarnail@gmail.com
3412 Nightingale Dr., Abbotsford BC V2T 5W3

## HARI RENOVATIONS

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ।

ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

Residential & Commerical
Free Estimate

ਬ੍ਰੈਂਡ ਨਿਊ ਬੇਸਮੈਂਟ ਅਤੇ ਪੂਰੇ ਪੁਰਾਣੇ ਘਰ ਦੀ ਰੇਨੋਵੇਸ਼ਨ ਦੇ ਮਾਹਿਰ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

Paul 778-823-1056

ਕੰਮ ਲਈ ਵਰਕਰਾਂ ਦੀ ਤੁਰੰਤ ਲੋੜ ਹੈ

H0502

# ਸਿੱਖ ਸਿਧਾਂਤਾਂ ਤੇ ਡੱਟ ਕੇ ਪਹਿਰਾ ਦੇਣ ਵਾਲੇ ਪ੍ਰਚਾਰਕ ਹਨ ਗਿਆਨੀ ਜਗਦੀਸ਼ ਸਿੰਘ

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸਰੀ ਤੋਂ ਹੈੱਡ ਗ੍ਰੰਥੀ ਵਜੋਂ ਸੇਵਾ ਮੁਕਤੀ 'ਤੇ ਵਿਸ਼ੇਸ਼






ਸਰੀ (ਡਾ. ਗੁਰਵਿੰਦਰ ਸਿੰਘ):ਪ੍ਰਚਾਰਕ ਕੌਮ ਦਾ ਸਰਮਾਇਆ ਹੁੰਦੇ ਹਨ। ਜੇਕਰ ਸੰਸਥਾਵਾਂ ਪ੍ਰਚਾਰਕਾਂ ਦੀ ਸਹੀ ਸੰਭਾਲ ਕਰਨ, ਤਾਂ ਪ੍ਰਚਾਰਕ ਨਿਸ਼ਚੇ ਹੀ ਵਡਮੁੱਲੀ ਸੇਵਾ ਨਿਭਾਅ ਸਕਦੇ ਹਨ। ਗਿਆਨੀ ਜਗਦੀਸ਼ ਸਿੰਘ ਅਜਿਹੇ ਹੀ ਇੱਕ ਪ੍ਰਚਾਰਕ ਹਨ, ਜਿਹੜੇ ਹਮੇਸ਼ਾਂ ਸਿੱਖ ਸਿਧਾਂਤਾਂ 'ਤੇ ਡਟ ਕੇ ਪਹਿਰਾ ਦਿੰਦੇ ਆਏ ਹਨ। ਆਪ ਜੀ ਨੂੰ ਸਰੀ, ਕੈਨੇਡਾ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਤੋਂ ਸੇਵਾ-ਮੁਕਤੀ ਮੌਕੇ, ਨਿੱਘੀ ਵਿਦਾਇਗੀ ਦਿੱਤੀ ਜਾ ਰਹੀ ਹੈ। ਗਿਆਨੀ ਜਗਦੀਸ਼ ਸਿੰਘ ਦਾ ਜਨਮ 1950 ਵਿਚ ਅੰਮ੍ਰਿਤਸਰ ਦੇ ਪਿੰਡ ਫਤਿਹਗੜ੍ਹ ਸ਼ੁਕਰ ਚੱਕ ਵਿੱਚ, ਇੱਕ ਸਧਾਰਨ ਪਰਿਵਾਰ ਦੇ ਘਰ ਹੋਇਆ। ਮੁਢਲੀ ਵਿੱਦਿਆ ਪਿੰਡ ਦੇ ਸਕੂਲ ਵਿਚੋਂ ਪ੍ਰਾਪਤ ਕੀਤੀ ਤੇ 11ਵੀਂ ਕਲਾਸ ਸਰਕਾਰੀ ਹਾਈ ਸਕੂਲ ਵੇਰਕਾ (ਅੰਮ੍ਰਿਤਸਰ) ਤੋਂ ਪਾਸ ਕੀਤੀ। ਫਿਰ ਖਾਲਸਾ ਕਾਲਜ ਅੰਮ੍ਰਿਤਸਰ ਤੋਂ 12ਵੀਂ ਪਾਸ ਕੀਤੀ। ਪਰਿਵਾਰਕ ਹਾਲਾਤ ਬਹੁਤੇ ਸੁਖਾਵੇਂ ਨਹੀਂ ਸਨ, ਜਿੰਨਾ ਵਿੱਚ ਪਿਤਾ ਜੀ ਹੀ ਕਮਾਉਂਦੇ ਸਨ। ਮਨ ਬਣਿਆ, ਕੁਝ ਕੀਤਾ ਜਾਵੇ ਤੇ ਫਿਰ ਚੰਡੀਗੜ੍ਹ ਵਿਚ Health Inspector ਦੀ Training ਕੀਤੀ ਤੇ 1972 ਵਿੱਚ ਉੱਥੇ ਹੀ ਚੰਡੀਗੜ੍ਹ ਵਿਚ Health Inspector ਦੀ ਨੌਕਰੀ ਮਿਲ ਗਈ। ਗਿਆਨੀ ਜਗਦੀਸ਼ ਸਿੰਘ ਦੀ ਬਚਪਨ ਤੋਂ ਹੀ ਧਾਰਮਿਕ ਖਿਆਲਾਂ ਦੀ ਬਿਰਤੀ ਸੀ। ਬਾਣੀ ਪੜ੍ਹਨ ਦਾ ਸ਼ੌਕ ਸੀ।15 ਸਾਲ ਦੀ ਉਮਰ ਵਿਚ ਪੂਰਨ ਪਾਠੀ ਦੇ ਤੌਰ 'ਤੇ ਸਤਿਗੁਰੂ ਦੀ ਬਖ਼ਸ਼ਿਸ਼, ਪਿੰਡ ਤੋਂ ਹੀ ਗੁਰਦੁਆਰਾ ਸਾਹਿਬ ਤੋਂ ਪ੍ਰਾਪਤ ਹੋਈ। ਫਿਰ ਜੀਵਨ ਸਫ਼ਰ ਦੇ ਅਗਲੇ ਪੜਾਅ ਉੱਤੇ ਪਹੁੰਚੇ ਅਤੇ 1975 ਵਿੱਚ ਗ੍ਰਹਿਸਥੀ ਜੀਵਨ ਦੀ ਅਰੰਭਤਾ ਕੀਤੀ। ਆਪ ਜੀ ਦਾ ਅਨੰਦ ਕਾਰਜ ਬੀਬੀ ਜਸਬੀਰ ਕੌਰ ਨਾਲ ਹੋਇਆ। 1976 ਵਿਚ ਪੁੱਤਰ ਦੀ ਦਾਤ ਪ੍ਰਾਪਤ ਹੋਈ। ਉਸ ਤੋਂ ਬਾਅਦ 1977 ਵਿੱਚ ਅਫ਼ਰੀਕਾ ਦੇ ਦੇਸ਼ ਕੀਨੀਆ ਵਿੱਚ ਗਿਆਨੀ ਜਗਦੀਸ਼ ਸਿੰਘ ਜੀ ਭੈਣ ਜੀ ਨੇ ਆਪਣੇ ਪਾਸ ਬੁਲਾ ਲਿਆ। ਮੂਲ ਰੂਪ ਵਿੱਚ ਗੁਰਮਤਿ ਪ੍ਰਚਾਰ ਦੀ ਧਾਰਮਿਕ ਬਿਰਤੀ ਕਾਰਨ ਗਿਆਨੀ ਜਗਦੀਸ਼ ਸਿੰਘ ਨੂੰ ਗ੍ਰੰਥੀ ਸਿੰਘ ਦੀ ਸੇਵਾ, ਸਿੰਘ ਸਭਾ ਗੁਰਦੁਆਰਾ ਖਸ਼ਿਮੂ (ਕੀਨੀਆ) ਸ਼ਹਿਰ, ਜੋ ਰਾਜਧਾਨੀ ਨੈਰੋਬੀ ਸ਼ਹਿਰ ਤੋਂ 350 ਮੀਲ ਲ਼ਓਕਏ ਡ਼ਚਿਟੋਰਓਿ 'ਤੇ ਯੁਗਾਂਡਾ ਦੇਸ਼ ਦੇ ਬਾਰਡਰ ਸ਼ਹਿਰ 'ਤੇ ਸਥਿਤ ਹੈ, ਉਥੇ ਪ੍ਰਾਪਤ ਹੋਈ। ਉਸ ਤੋਂ ਬਾਅਦ 1979 ਵਿੱਚ ਗਿਆਨੀ ਜਗਦੀਸ਼ ਸਿੰਘ ਦੀ ਧਰਮ ਪਤਨੀ ਤੇ ਪੁੱਤਰ ਕੀਨੀਆ ਆ ਗਏ।1982 ਵਿੱਚ ਵੱਡੀ ਪੁੱਤਰੀ ਦਾ ਜਨਮ ਤੇ 1983 ਵਿੱਚ ਦੂਜੀ ਪੁੱਤਰੀ ਦਾ ਜਨਮ, ਕੀਨੀਆ ਵਿੱਚ ਹੋਇਆ। 1982 ਤੋਂ 1985 ਤੱਕ ਰਾਮਗੜ੍ਹੀਆ ਗੁਰਦੁਆਰਾ ਸਾਹਿਬ ਕਸੂਮੂ ਵਿਚ ਬਤੌਰ ਹੈੱਡ ਗ੍ਰੰਥੀ ਸੇਵਾ ਕੀਤੀ।1984 ਦੇ ਅੰਤ ਵਿੱਚ ਨੈਰੋਬੀ ਗੁਰਦੁਆਰਾ ਸਿੰਘ ਸਭਾ ਵਿੱਚ ਸੇਵਾ ਪ੍ਰਾਪਤ ਹੋਈ ।ਗਿਆਨੀ ਜਗਦੀਸ਼ ਸਿੰਘ ਕੀਨੀਆਂ ਤੋਂ 1986 ਵਿੱਚ ਨਿਊਯਾਰਕ ਅਮਰੀਕਾ ਆ ਗਏ।ਚਾਰ ਮਹੀਨੇ ਤੋਂ ਬਾਅਦ ਵਾਪਸ ਗਏ ਅਤੇ East Africa Ramgarhia Board Gurudwara Sahib ਵਿੱਚ ਬਤੌਰ ਹੈਡ ਗ੍ਰੰਥੀ ਦੀ ਸੇਵਾ ਪ੍ਰਾਪਤ ਹੋਈ। ਨਾਲ-ਨਾਲ ਕੀਰਤਨ ਕਰਨਾ ਸ਼ੁਰੂ ਕੀਤਾ, ਜਿਸ ਨਾਲ ਕੀਰਤਨ ਤੇ ਗ੍ਰੰਥੀ ਦੀ ਸੇਵਾ ਕਰਨ ਦਾ ਮੌਕਾ ਪ੍ਰਾਪਤ ਹੋਇਆ। ਉੱਥੇ ਭਾਈ ਪ੍ਰੀਤਮ ਸਿੰਘ ਜੀ ਲਿਖਾਰੀ (ਕਥਾਵਾਚਕ), ਜੋ ਇੰਗਲੈਂਡ ਤੋਂ ਗਏ ਸਨ, ਨੇ ਗਿਆਨੀ ਜਗਦੀਸ਼ ਸਿੰਘ ਨੂੰ ਕੈਨੇਡਾ ਆਉਣ ਦਾ ਸੱਦਾ ਦਿੱਤਾ, ਜੋ ਉਨ੍ਹਾਂ ਸਤਿਕਾਰ ਸਹਿਤ ਪ੍ਰਵਾਨ ਕਰ ਲਿਆ।1991 ਵਿੱਚ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ, ਰੌਸ ਸਟਰੀਟ ਵੈਨਕੂਵਰ ਤੋਂ, ਭਾਈ ਕੁੰਦਨ ਸਿੰਘ ਸੱਜਣ, ਜੋ ਕਿ ਪ੍ਰਧਾਨ ਸਨ, ਨੇ ਕੈਨੇਡਾ ਤੋਂ ਗਿਆਨੀ ਜੀ ਨੂੰ ਰਾਹਦਾਰੀ ਭੇਜੀ, ਕੈਨੇਡਾ ਆਉਣ ਦਾ ਸਬੱਬ ਬਣਿਆ।1991 ਅਕਤੂਬਰ ਵਿੱਚ ਸੇਵਾ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਸੇਵਾ ਆਰੰਭ ਕੀਤੀ। ਇਥੇ ਆਪ ਨੇ ਪੰਥ ਪ੍ਰਵਾਨਤ ਰਹਿਤ ਮਰਯਾਦਾ ਦਾ ਪੂਰਨ ਪ੍ਰਚਾਰ ਕੀਤਾ।1997 ਵਿੱਚ ਅਕਾਲ ਤਖ਼ਤ ਸਾਹਿਬ ਦੇ ਲੰਗਰ ਦੀ ਮਰਿਯਾਦਾ ਦੇ ਹੁਕਮਨਾਮੇ ਨੂੰ ਗੁਰਦੁਆਰਾ ਰੌਸ ਸਟਰੀਟ ਦੇ ਪ੍ਰਬੰਧਕਾਂ ਵੱਲੋਂ ਨਾ ਮੰਨਣ ਦੇ ਮੁਤਾਬਿਕ, ਉਥੋਂ ਅਸਤੀਫ਼ਾ ਦੇ ਦਿੱਤਾ।

ਅਕਾਲ ਤਖਤ ਸਾਹਿਬ ਤੋਂ ਲੰਗਰ ਦਾ ਹੁਕਮਨਾਮਾ ਆਉਣ ਮਗਰੋਂ 1999 ਖਾਲਸਾ ਦਰਬਾਰ ਗੁਰਦੁਆਰਾ ਸਾਹਿਬ, ਵੈਨਕੂਵਰ ਹੋਂਦ ਵਿਚ ਆਇਆ, ਜਿਥੇ ਗਿਆਨੀ ਜਗਦੀਸ਼ ਸਿੰਘ ਨੇ 2003 ਤੱਕ ਸੇਵਾ ਕੀਤੀ। ਫਿਰ 2003 ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਸੇਵਾ ਮਿਲੀ। ਇਥੇ ਹੁਣ ਵੀ ਹੈੱਡ ਗ੍ਰੰਥੀ ਵਜੋਂ ਸੇਵਾ ਨਿਭਾ ਰਹੇ ਹਨ। ਆਪ ਜੀ ਨੂੰ ਪੰਥਕ ਸੇਵਾਵਾਂ ਲਈ, 2016 ਵਿੱਚ ਗਿਆਨੀ ਬਲਵੰਤ ਸਿੰਘ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਗਿਆਨੀ ਜਗਦੀਸ਼ ਸਿੰਘ 1 ਜਨਵਰੀ 2023 ਤੋਂ ਸੇਵਾ ਮੁਕਤ ਹੋ ਰਹੇ ਹਨ। ਸਿੱਖੀ ਸਿਧਾਂਤਾਂ ਦੇ ਪ੍ਰਚਾਰ ਲਈ ਮਜ਼ਬੂਤ ਇਰਾਦਾ ਰੱਖਣ ਵਾਲੇ ਗਿਆਨੀ ਜਗਦੀਸ਼ ਸਿੰਘ ਦੀਆਂ ਪੰਥਕ ਸੇਵਾਵਾਂ ਦਾ ਹਮੇਸ਼ਾ ਸਤਿਕਾਰ ਬਣਿਆ ਰਹੇਗਾ। ਆਪ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਵੱਖ- ਵੱਖ ਗੁਰਦੁਆਰਾ ਸਾਹਿਬਾਨ ਦੀਆਂ ਕਮੇਟੀਆਂ ਅਤੇ ਸੁਸਾਇਟੀਆਂ ਦਾ ਧੰਨਵਾਦ ਕਰਦਾਂ ਹਾਂ, ਜਿਨ੍ਹਾਂ ਨੇ ਮੈਨੂੰ ਸਹਿਯੋਗ ਬਖਸ਼ਿਆ ਅਤੇ ਮਾਣ ਦਿੱਤਾ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਇਸੇ ਤਰ੍ਹਾਂ ਦਾ ਸਹਿਯੋਗ ਮਿਲਣ ਦੀ ਆਸ ਰੱਖਦਾ ਹਾਂ। ਸਿੱਖ ਪੰਥ ਦੇ ਅਜਿਹੇ ਪ੍ਰਚਾਰਕ ਦੀ ਸੇਵਾ ਮੁਕਤੀ ਕਦੇ ਨਹੀਂ ਹੋ ਸਕਦੀ। ਹਾਂ, ਗੁਰਦੁਆਰਾ ਸੰਸਥਾ ਦੀ ਨੌਕਰੀ ਤੋਂ ਸੇਵਾ ਮੁਕਤੀ ਦਾ ਪੜਾਉ ਜ਼ਰੂਰ ਹੈ। ਗਿਆਨੀ ਜੀ ਦੇ ਅਗਲੇਰੇ ਸਫ਼ਰ ਲਈ ਬੇਹੱਦ ਕਾਮਨਾਵਾਂ ਭੇਟ ਕਰਦੇ ਹੋਏ, ਉਨ੍ਹਾਂ ਦੀ ਚੜ੍ਹਦੀ ਕਲਾ ਦੀ ਆਸ ਅਤੇ ਅਰਦਾਸ ਹੈ।

# 50 ਲੱਖ ਦਾ ਸੋਨਾ ਲੁੱਟਣ ਵਾਲੇ 2 ਪੁਲਿਸ ਮੁਲਾਜ਼ਮ ਗ੍ਰਿਫ਼ਤਾਰ

ਨਵੀਂ ਦਿੱਲੀ:ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਦੋ ਹੈੱਡ ਕਾਂਸਟੇਬਲਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ 'ਤੇ ਜਾਂਚ ਦੇ ਨਾਂ 'ਤੇ ਦੁਬਈ ਅਤੇ ਮਸਕਟ ਤੋਂ ਵੱਖ-ਵੱਖ ਯਾਤਰੀਆਂ ਤੋਂ 50 ਲੱਖ ਰੁਪਏ ਦਾ ਸੋਨਾ ਖੋਹਣ ਦਾ ਦੋਸ਼ ਹੈ। ਦੋ ਯਾਤਰੀਆਂ ਨੇ ਦੱਸਿਆ ਕਿ ਪੁਲਿਸ ਵਾਲੇ ਉਨ੍ਹਾਂ ਨੂੰ ਜਾਂਚ ਦੇ ਨਾਂ 'ਤੇ ਜੰਗਲ 'ਚ ਲੈ ਗਏ। ਉੱਥੇ ਉਨ੍ਹਾਂ ਤੋਂ ਸੋਨਾ ਖੋਹ ਲਿਆ ਅਤੇ ਲੜਾਈ ਵੀ ਹੋਈ।

ਸ਼ਿਕਾਇਤ ਤੋਂ ਬਾਅਦ ਪੁਲਿਸ ਨੇ ਦੋਵਾਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਦੋਵੇਂ ਆਈਜੀਆਈ ਏਅਰਪੋਰਟ ਥਾਣੇ ਦੇ ਸਪੈਸ਼ਲ ਆਪਰੇਸ਼ਨ ਸਕੁਐਡ ਵਿੱਚ ਤਾਇਨਾਤ ਸਨ। ਦੋਵਾਂ ਨੇ ਜਾਂਚ ਦੇ ਨਾਂ 'ਤੇ ਮਸਕਟ ਅਤੇ ਕਤਰ ਤੋਂ ਕੁਝ ਯਾਤਰੀਆਂ ਨੂੰ ਰੋਕਿਆ ਸੀ। ਉਨ੍ਹਾਂ ਕੋਲੋਂ ਕਰੀਬ 50 ਲੱਖ ਰੁਪਏ ਦਾ ਸੋਨਾ ਖੋਹ ਲਿਆ।






# ‘ਜੰਗ ਹਿੰਦ ਪੰਜਾਬ ਦਾ’ ਪੁਸਤਕ ਗੁਰਦੁਆਰਾ ਦਸ਼ਮੇਸ਼ ਦਰਬਾਰ, ਸਰੀ ਕੈਨੇਡਾ ਵਿਖੇ ਲੋਕ ਅਰਪਿਤ



ਸਰੀ:‘ਜੰਗ ਹਿੰਦ ਪੰਜਾਬ ਦਾ’ ਬਾਬਾ ਬਿਕਰਮਾ ਸਿੰਘ ਬੇਦੀ ਦੇ ਸੰਦਰਭ ਵਿੱਚ ਪੁਸਤਕ ਗੁਰਦਵਾਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਕੈਨੇਡਾ ਵਿਖੇ ਲੋਕ ਅਰਪਿਤ ਕੀਤੀ ਗਈ। ਇਸ ਮੌਕੇ ‘ਤੇ ਸਿੱਖ ਵਿਦਵਾਨ ਪ੍ਰਿੰਸੀਪਲ ਰਾਮ ਸਿੰਘ ਕੁਲਾਰ, ਸਾਹਿਤਕਾਰ ਡਾ. ਪੂਰਨ ਸਿੰਘ, ਡਾ ਗੁਰਵਿੰਦਰ ਸਿੰਘ, ਗਿਆਨੀ ਦਿੱਤ ਸਿੰਘ ਸਭਾ, ਸਰੀ (ਬੀ.ਸੀ.)ਕੈਨੇਡਾ, ਭਾਈ ਜਗਤਾਰ ਸਿੰਘ ਸੰਧੂ, ਬਲਦੇਵ ਸਿੰਘ ਬਾਠ, ਪ੍ਰੋਫ਼ੈਸਰ ਗੋਬਿੰਦਰ ਸਿੰਘ ਗਾੜ੍ਹਾ, ਦਵਿੰਦਰ ਸਿੰਘ ਗਰੇਵਾਲ ਅਤੇ ਹੋਰ ਸ਼ਖਸੀਅਤਾਂ ਸ਼ਾਮਲ ਹੋਈਆਂ।‘ਜੰਗ ਹਿੰਦ ਪੰਜਾਬ ਦਾ’ ਕਿਤਾਬ ਪ੍ਰੋ ਬਲਵਿੰਦਰ ਪਾਲ ਸਿੰਘ, ਜਲੰਧਰ ਵੱਲੋਂ ਲਿਖੀ ਗਈ ਹੈ ਸਿੱਖ ਵਿਦਵਾਨ ਤੇ ਸਾਹਿਤਕਾਰ ਡਾ. ਪੂਰਨ ਸਿੰਘ ਨੇ ਕਿਹਾ ਕਿ ਪ੍ਰੋ. ਬਲਵਿੰਦਰ ਪਾਲ ਸਿੰਘ ਦੀ ਪੁਸਤਕ ‘ਬਾਬਾ ਬਿਕਰਮਾ ਸਿੰਘ ਬੇਦੀ : ਜੰਗ ਹਿੰਦ ਪੰਜਾਬ ਦਾ’ ਦਾ ਪੜ੍ਹਨੀ ਲਾਜ਼ਮੀ ਹੈ, ਜੋ ਕਿ ਇਹ ਬਿਆਨ ਕਰਦੀ ਹੈ ਕਿ ਖ਼ਾਲਸਾ ਫੌਜਾਂ ਦਾ ਮਨੋਬਲ ਕਾਇਮ ਰੱਖਣ ਲਈ ਬਾਬਾ ਬਿਕਰਮਾ ਸਿੰਘ ਬੇਦੀ ਦਸਮੇਸ਼ ਪਿਤਾ ਸਤਿਗੁਰੂ ਗੋਬਿੰਦ ਸਿੰਘ ਜੀ ਦੇ ‘ਸੰਤ-ਸਿਪਾਹੀ’ ਦੇ ਸਿਧਾਂਤ ’ਤੇ ਖਰੇ ਉਤਰੇ, ਦੇਸ ਪੰਜਾਬ ਦੀ ਅਜ਼ਾਦੀ ਲਈ ਸ਼ਹਾਦਤ ਦਿਤੀ। ਉਹਨਾਂ ਦੀ ਇਤਿਹਾਸਕ ਭੂਮਿਕਾ ਨੂੰ ਕੇਂਦਰੀ ਸਥਾਨ ਦਿੰਦੇ ਹੋਏ, ਕਰੜੀ ਮਿਹਨਤ ਨਾਲ ਖੋਜ ਭਰਪੂਰ ਇਤਿਹਾਸਕ ਪੁਸਤਕ ਲਿਖ ਕੇ ਪ੍ਰੋ. ਬਲਵਿੰਦਰ ਪਾਲ ਸਿੰਘ ਨੇ ਮਾਅਰਕੇ ਦਾ ਕਾਰਜ ਕੀਤਾ ਹੈ। ਇਸ ਇਤਿਹਾਸ ਨੂੰ ਪ੍ਰਮਾਣਿਕਤਾ ਨਾਲ ਲਿਖਕੇ ਪੰਜਾਬ ਦੇ ਪਹਿਲੇ ਗਦਰ ਨੂੰ ਇਤਿਹਾਸ ਦੇ ਪੰਨਿਆਂ ਵਿਚ ਸ਼ਾਮਲ ਕੀਤਾ ਹੈ। ਡਾ ਗੁਰਵਿੰਦਰ ਸਿੰਘ, ਕੈਨੇਡਾ ਗਿਆਨੀ ਦਿੱਤ ਸਿੰਘ ਸਭਾ, ਸਰੀ (ਬੀ.ਸੀ.) ਨੇ ਕਿਹਾ ਕਿ ਭਾਰਤ ਵਿਚ ਬ੍ਰਿਟਿਸ਼ ਸਾਮਰਾਜ ਦੇ ਉਸ ਵੇਲੇ ਦੇ ਵਾਇਸਰਾਏ ਲਾਰਡ ਡਲਹੌਜ਼ੀ ਦਾ ਇਹ ਕਥਨ ਹੈ ਕਿ ਜੇਕਰ ਅੰਗਰੇਜ਼ ਪੰਜਾਬ ਦੀ ਖ਼ਾਲਸਾ ਫ਼ੌਜ ਨਾਲ ਹੋਈ ਗੁਜਰਾਤ ਦੀ ਜੰਗ ਹਾਰ ਜਾਂਦੇ, ਤਾਂ ਉਹਨਾਂ ਨੂੰ ਹਿੰਦੋਸਤਾਨ ਛੱਡਣ ਲਈ ਮਜਬੂਰ ਹੋਣਾ ਪੈ ਸਕਦਾ ਸੀ। ਇਹ ਜੰਗ ਉਸ ਵੇਲੇ ਤੱਕ ਦੀਆਂ ਸਭ ਤੋਂ ਅਹਿਮ ਅਤੇ ਖਤਰਨਾਕ ਲੜਾਈਆਂ ਵਿੱਚੋਂ ਇਕ ਸੀ, ਜਿਸ ਦੌਰਾਨ ਸਿੱਖ ਸਿਪਾਹੀ ਬਹੁਤ ਜੁਝਾਰੂ ਢੰਗ ਨਾਲ ਲੜੇ ਅਤੇ ਕਿਸੇ ਨੇ ਵੀ ਮੈਦਾਨ ਨਾ ਛੱਡਿਆ। ਇਹ ਗਵਾਹੀਆਂ ਫੀਲਡ ਮਾਰਸ਼ਲ ਗਫ਼, ਲਾਰਡ ਡਲਹੌਜ਼ੀ ਆਦਿ ਨੇ ਵੀ ਆਪਣੀਆਂ ਡਾਇਰੀਆਂ ਵਿਚ ਦਿੱਤੀਆਂ ਹਨ। ਡਾ. ਗੁਰਵਿੰਦਰ ਸਿੰਘ ਨੇ ਕਿਹਾ ਕਿ ਬਹੁਤੇ ਭਾਰਤੀ ਇਤਿਹਾਸਕਾਰ ਤੇ ਖੱਬੇ ਪੱਖੀ ਵਿਚਾਰਵਾਨ 1857 ਦੇ ਵਿਦਰੋਹ ਨੂੰ ਤਾਂ ‘ਗ਼ਦਰ’ ਦਾ ਨਾਂ ਦਿੰਦੇ ਹਨ, ਪਰ ‘ਦੇਸ ਪੰਜਾਬ’ ਅਤੇ ‘ਬ੍ਰਿਟਿਸ਼ ਹਿੰਦ ਸਰਕਾਰ’ ਵਿਚਕਾਰ ਹੋਈ ਗੁਜਰਾਤ ਦੀ ਇਤਿਹਾਸਕ ਜੰਗ ਬਾਰੇ ਹੀਣ-ਭਾਵਨਾ ਰੱਖਦੇ ਹਨ। ਸੱਚ ਤਾਂ ਇਹ ਹੈ ਕਿ ਜੇਕਰ 1849 ਦੀ ਲੜਾਈ ਦੌਰਾਨ ਅੰਗਰੇਜ਼ ਦੀ ਅਗਵਾਈ ਵਿਚ ਹਿੰਦੋਸਤਾਨੀ ਫੌਜ ਦਾ ਸਾਥ ਡੋਗਰੇ, ਪਹਾੜੀਏ ਅਤੇ ਪਟਿਆਲੀਏ ਰਾਜੇ ਆਦਿ ਨਾ ਦਿੰਦੇ, ਤਾਂ ਇਤਿਹਾਸ ਕੁਝ ਹੋਰ ਹੋਣਾ ਸੀ। ਨਿਰਸੰਦੇਹ ਖ਼ਾਲਸਾ ਰਾਜ ਨੂੰ ਹਿੰਦੋਸਤਾਨ ਦੀ ਗੁਲਾਮੀ ਤੋਂ ਬਚਾਉਣ ਲਈ ਹਜ਼ਾਰਾਂ ਸਿੱਖ ਸਿਪਾਹੀਆਂ, ਜਰਨੈਲਾਂ ਅਤੇ ਸਹਿਯੋਗੀ ਫੌਜਾਂ ਦੀ ਇਤਿਹਾਸਕ ਦੇਣ ਅੱਖੋਂ-ਪਰੋਖੇ ਨਹੀਂ ਕੀਤੀ ਜਾ ਸਕਦੀ। ਇਹ ਅਤਿਕਥਨੀ ਨਹੀਂ ਹੋਵੇਗੀ ਕਿ ਸਿੱਖ ਫ਼ੌਜਾਂ ਅੰਦਰ ਜੂਝਣ ਦਾ ਜਜ਼ਬਾ ਉਸ ਵੇਲੇ ਦੇ, ਖਾਲਸਾ ਰਾਜ ਦੇ ਪੰਥਕ ਆਗੂ ਅਤੇ ਸੰਤ-ਸਿਪਾਹੀ ਬਾਬਾ ਬਿਕਰਮਾ ਸਿੰਘ ਬੇਦੀ ਨੇ ਭਰਿਆ ਸੀ। ਬਾਬਾ ਬਿਕਰਮਾ ਸਿੰਘ ਬੇਦੀ ਖ਼ਾਲਸਾ ਰਾਜ ਦੀ ਆਜ਼ਾਦੀ ਅਤੇ ਪ੍ਰਭੂਸੱਤਾ ਕਾਇਮ ਰੱਖਣ ਲਈ ਆਖਰੀ ਦਮ ਤਕ ਲੜੇ। ਇਥੋਂ ਤਕ ਕਿ ਗੁਜਰਾਤ ਦੀ ਜੰਗ ਹਾਰਨ ਦੇ ਮਗਰੋਂ ਵੀ, ਉਹਨਾਂ ਸਿੱਖ ਫ਼ੌਜਾਂ ਇਕੱਠੀਆਂ ਕਰਕੇ ਇਕ ਵਾਰ ਫਿਰ ਰਾਵਲਪਿੰਡੀ ਜਾਂ ਹਸਨ ਅਬਦਾਲ ਵਿਚ ਅੰਗਰੇਜ਼ਾਂ ਨਾਲ ਦੋ ਹੱਥ ਕਰਨ ਦਾ ਸੱਦਾ ਦਿੱਤਾ, ਪਰ ਹੋਰਨਾਂ ਸਿੱਖ ਜਰਨੈਲਾਂ ਦੀ ਸਹਿਮਤੀ ਨਾ ਮਿਲਣ ਕਾਰਨ ਅਜਿਹਾ ਸੰਭਵ ਨਾ ਹੋ ਸਕਿਆ। ਅਜਿਹੀ ਬੁਜ਼ਦਿਲੀ ਤੋਂ ਖਫ਼ਾ ਹੋਏ ਬਾਬਾ ਬਿਕਰਮਾ ਸਿੰਘ ਬੇਦੀ ਸਿੱਖ ਜਰਨੈਲਾਂ ਤੋਂ ਵੱਖ ਹੋ ਗਏ।

ਸਿੱਖ ਰਾਜ ਦੇ ਗ਼ੱਦਾਰਾਂ ਅਤੇ ਮੁਖ਼ਬਰਾਂ ਦੀ ਸਾਜ਼ਿਸ਼ ਰਾਹੀਂ ਆਪ ਨੂੰ 28 ਦਸੰਬਰ 1849 ਈਸਵੀ ਨੂੰ ਹੁਸ਼ਿਆਰਪੁਰ ਦੇ ਸ਼ਾਮ ਚੌਰਾਸੀ ਦੇ ਇਲਾਕੇ ਤੋਂ ਨਿਤਨੇਮ ਕਰਦਿਆਂ ਗ੍ਰਿਫ਼ਤਾਰ ਕਰ ਲਿਆ ਗਿਆ। ਰੂਹਾਨੀ ਤਾਕਤ ਨਾਲ ਲਬਰੇਜ਼ ਬਾਬਾ ਬਿਕਰਮਾ ਸਿੰਘ ਬੇਦੀ ਦਾ ਇਹ ਮੰਨਣਾ ਸੀ ਕਿ ਖ਼ਾਲਸੇ ਨੂੰ ਪਾਤਸ਼ਾਹੀ ਦਾ ਹੱਕ ਸਤਿਗੁਰੂ ਨੇ ਆਪ ਬਖ਼ਸ਼ਿਆ ਹੈ ਅਤੇ ਜਿੰਨਾ ਚਿਰ ਪਾਤਸ਼ਾਹੀ ਦੁਬਾਰਾ ਨਹੀਂ ਮਿਲ ਜਾਂਦੀ, ਉਨਾ ਚਿਰ ਉਹ ਜੰਗ ਜਾਰੀ ਰੱਖਣਗੇ। ਆਪ ਅੰਦਰ ਇਸ ਗੱਲ ਦਾ ਅਕਹਿ ਦਰਦ ਸੀ ਕਿ ‘ਦੇਸ ਪੰਜਾਬ’ ਨੇ ਕਦੇ ਗੁਲਾਮ ਨਹੀਂ ਸੀ ਹੋਣਾ, ਜੇਕਰ ‘ਆਪਣਿਆਂ’ ਵੱਲੋਂ ਗ਼ੱਦਾਰੀ ਕਰਕੇ ਖ਼ਾਲਸਾ ਰਾਜ ਨੂੰ ਗੁਲਾਮ ਨਾ ਬਣਾਇਆ ਜਾਂਦਾ। ਬਾਬਾ ਬਿਕਰਮਾ ਸਿੰਘ ਬੇਦੀ ਦੇ ਦਲੇਰਾਨਾ ਕਥਨ ਸਨ ਕਿ ਸਿੱਖਾਂ ਦਾ ਕਤਰਾ-ਕਤਰਾ ਅੰਗਰੇਜ਼ ਰਾਜ ਤੋਂ ਬਗ਼ਾਵਤ ਕਰੇਗਾ ਅਤੇ ਉਹ ਦੇਸ ਪੰਜਾਬ ਵਿੱਚੋਂ ਅੰਗਰੇਜ਼ਾਂ ਨੂੰ ਕੱਢ ਕੇ ਹੀ ਸਾਹ ਲੈਣਗੇ।

ਅੰਗਰੇਜ਼ਾਂ ਵੱਲੋਂ ਬਾਬਾ ਬੇਦੀ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਨਜ਼ਦੀਕ ਇਕ ਡਿਓੜੀ ਦੇ ਕਮਰੇ ਵਿੱਚ ਨਜ਼ਰਬੰਦ ਰੱਖਿਆ ਗਿਆ, ਜਿੱਥੇ ਉਹਨਾਂ ਦੀਆਂ ਅੱਖਾਂ ਦੀ ਰੋਸ਼ਨੀ ਚਲੀ ਗਈ। ਕਿਹਾ ਜਾਂਦਾ ਹੈ ਕਿ ਅੰਗਰੇਜ਼ ਸਰਕਾਰ ਨੇ ਉਹਨਾਂ ਨੂੰ ਧੀਵਾਂ ਜ਼ਹਿਰ ਦਿੱਤਾ ਸੀ। ਇਸ ਨਜ਼ਰਬੰਦੀ ਦੌਰਾਨ ਅੰਗਰੇਜ਼ਾਂ ਦੇ ਜਬਰ ਝੱਲਦਿਆਂ ਬਾਬਾ ਬਿਕਰਮਾ ਸਿੰਘ ਬੇਦੀ ਸੰਨ 1863 ਵਿਚ ਸ਼ਹੀਦੀ ਪਾ ਗਏ। ਦੇਸ ਪੰਜਾਬ ’ਤੇ ਅੰਗਰੇਜ਼ਾਂ ਦੇ ਕਬਜ਼ੇ ਨਾਲ ਹੀ ਆਜ਼ਾਦ ਖ਼ਾਲਸਾ ਰਾਜ ਦੀ ਪ੍ਰਭੂਸੱਤਾ ਖ਼ਤਮ ਹੋ ਗਈ। ਬ੍ਰਿਟਿਸ਼ ਰਜਵਾੜਿਆਂ ਨੇ ਆਪਣੀ ਹਿੰਦੋਸਤਾਨੀ ਬਸਤੀ ਵਿਚ ਦੇਸ ਪੰਜਾਬ ਨੂੰ ਸ਼ਾਮਲ ਕਰਦੇ ਸਾਰ ਹੀ, ਖ਼ਾਲਸਾ ਰਾਜ ਦੇ ਆਖ਼ਰੀ ਵਾਰਿਸ ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾ ਲਿਆ ਅਤੇ ਵਲੈਤ ਘੱਲ ਦਿੱਤਾ। ਸੰਗਤਾਂ ਨੇ ਇਸ ਪੁਸਤਕ ਨੂੰ ਵੱਡਾ ਹੁੰਗਾਰਾ ਦਿਤਾ। ਸੰਗਤਾਂ ਵਿਚ ਉਤਸ਼ਾਹ ਇੰਨਾ ਸੀ ਕਿ ਸਾਰੀਆਂ ਕਿਤਾਬਾਂ ਹੱਥੋਂ ਹੱਥ ਵਿਕ ਗਈਆਂ। ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਾਹਿਬ ਅਤੇ ਕੈਨੇਡੀਅਨ ਸਿੱਖ ਸਟੱਡੀਜ਼ ਦੇ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ।

# ‘ਸਫ਼ਰ ਏ ਸ਼ਹਾਦਤ’ ਨੂੰ ਸਮਰਪਿਤ ਦਸਤਾਰ ਅਤੇ ਦੁਮਾਲਾ ਸਜਾਉਣ ਦੇ ਮੁਕਾਬਲੇ



ਲੈਣ ਵਾਲਿਆਂ ਨੂੰ ਗੁਰਦੁਆਰਾ ਸਾਹਿਬ ਵੱਲੋਂ ਅਤੇ ਸਿੱਖ ਅਕੈਡਮੀ ਵੱਲੋ ਸਨਮਾਨ ਚਿੰਨ੍ਹ ਅਤੇ ਸਰਟੀਫਿਕੇਟ ਦਿੱਤੇ ਗਏ, ਜਦ ਕਿ ਗਿਫਟ ਕਾਰਡ ਤੋਹਫ਼ੇ ਵਜੋਂ ਸੌਂਪੇ ਗਏ। ਕੈਨੇਡਾ ਦੀ ਧਰਤੀ ‘ਤੇ ਵੀਹ ਵਰ੍ਹੇ ਪਹਿਲਾਂ ਹੋਏ ਦਸਤਾਰ ਮੁਕਾਬਲਿਆਂ ਵਿੱਚ ਜਿਹੜੇ ਨੌਜਵਾਨ ਜੇਤੂ ਰਹੇ ਸਨ, ਉਹੀ ਇਨ੍ਹਾਂ ਮੁਕਾਬਲਿਆਂ ਦੇ ਮਾਨਯੋਗ ਜੱਜ ਸਹਿਬਾਨ ਸਨ। ਜਿਨ੍ਹਾਂ ਵਿੱਚ ਭਾਈ ਗੁਰਦੀਪ ਸਿੰਘ, ਭੁਪਿੰਦਰ ਸਿੰਘ, ਜਵਾਹਰ ਸਿੰਘ, ਗਬਿੰਦਰ ਸਿੰਘ ਅਤੇ ਜਤਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸ਼ਾਮਲ ਸਨ। ਇਥੇ ਜ਼ਿਕਰਯੋਗ ਹੈ ਕਿ ਬੀਤੇ ਹਫਤੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਡੈਲਟਾ ਵੱਲੋਂ ਵੀ ਦਸਤਾਰ ਅਤੇ ਦੁਮਾਲਾ ਸਜਾਉਣ ਦੇ ਮੁਕਾਬਲੇ ਹੋਏ, ਜਿਨਾਂ ਚ ਵੱਡੀ ਗਿਣਤੀ ਚ ਨੌਜਵਾਨ ਬੱਚੇ-ਬੱਚੀਆਂ ਨੇ ਹਿੱਸਾ ਲਿਆ, ਵਧਾਈ ਦੇ ਪਾਤਰ ਹਨ! ਇਨ੍ਹਾਂ ਦਸਤਾਰ ਮੁਕਾਬਲਿਆਂ ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸੇਵਾਦਾਰ ਰਹੇ ਅਤੇ ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਦੇ ਸਾਬਕਾ ਪ੍ਰਿੰਸੀਪਲ ਰਾਮ ਸਿੰਘ ਕੁਲਾਰ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।

Rai
EXPRESS LINES LTD.




Hiring
Team Owner Operators
• All miles paid
• Year round work
• Criminal record check
• Flexible time off
• On site maintenance/wash facility
• Family atmosphere
• Direct deposit



Karnail Singh Rai
President

Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8

THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੂਰਬ ਦੀ ਸਮੂਹ ਸੰਗਤ ਨੂੰ ਲੱਖ ਲੱਖ ਵਧਾਈ




ਮਦਰ ਇੰਡੀਆ ਦੇ ਸਟੋਰ ਤੇ ਆ ਕੇ $150 ਜਾਂ ਇਸ ਤੋਂ ਵੱਧ ਦੀ ਖਰੀਦਦਾਰੀ ਕਰੋ
ਅਤੇ ਤੁਰੰਤ $50 ਦਾ ਆਪਣੀ ਮਨਪਸੰਦ ਦਾ ਸਮਾਨ ਮੁਫਤ ਲਉ

## ਮਦਰ ਇੰਡੀਆ ਹਰਬਲ ਸ਼ੈਂਪੂ ਹੁਣ 8 ਰੰਗਾਂ ਵਿਚ ਮਿਲਦਾ ਹੈ

**TEL: 604-430-6072**

Email: nareshcanada@hotmail.com

*6647-Main Street (50th Ave.) Vancouver BC V5X 3H3*



ਨਰੇਸ਼ ਸ਼ੁਕਲਾ


ਨਵਾਂ ਸਾਲ ਮੁਬਾਰਕ 2023 ! ! !
ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਬ ਦੇ ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events







Capacity
350-375 seats

Dream Catering "Your Venue, Our Food"

We provide various Menu
Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: 604-203-7272

7236 -120St, Surrey, BC

Email:info@dreambanquethall.ca

# PEACE FURNITURE

For The Peace Of Your Mind






ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

604-902-1415

#A/B/C 7967-128St, Surrey, BC V3W 4E7

Email:sales@peacefurnituire.ca

Web:www.peacefurniture.ca